ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਸ਼ਹੀਦ ਭਾਈ ਫ਼ੌਜਾ ਸਿੰਘ ਜੀ

MAY 1988



ਮਈ ੧੯੮੮

ਵੈਸਾਖੀ ੧੯੭੮ ਦੇ ੧੩ ਸ਼ਹੀਦਾਂ ਦੀ ਯਾਦ ਵਿਚ (ਨੇੜੇ ਬੀ ਬਲਾਕ ਕੁਆਟਰਜ਼ ਅੰਮ੍ਰਿਤਸਰ) ਸ਼ਹੀਦੀ ਅਸਥਾਨ ਦੀ ਇਮਾਰਤ ਦੀ ਸੇਵਾ ਅਰੰਭ ਹੈ। ਸੰਗਤਾਂ ਤਨ ਮਨ ਧਨ ਨਾਲ ਹਾਜ਼ਰੀਆਂ ਭਰ ਰਹੀਆਂ ਹਨ।

www.AKJ.Org

# ਤ ਤ ਕ ਰਾ


| | | |
|---|---|---|
| ਸਤਿਗੁਰੁ ਜਾਗਤਾ ਹੈ ਦੇਉ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਤੁਰੀਆ ਪਦ, ਅਗਮਪੁਰਾ, ਨਿਜ ਘਰ, ਸਹਜ ਪਦ | ੪ | ,, ,, ,, |
| ਗੁਰਸਿਖ-ਗ੍ਰਿਹਸਤੀ ਜੀਵਨ | ੮ | ਜਥੇਦਾਰ ਭਾਈ ਰਾਮ ਸਿੰਘ ਜੀ |
| ਮੈ ਆਪਣਾ ਗੁਰੁ ਪੂਛਿ ਦੇਖਿਆ | ੧੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਰਾਖਿ ਲੇਹੁ ਹਮ ਤੇ ਬਿਗਰੀ | ੧੨ | 'ਸੂਰਾ' ਪਰਵਾਰ |
| ਆਪੇ ਕਰੇ ਕਰਾਏ ਕਰਤਾ | ੧੬ | ਭਾ: ਸਾ: ਭਾ: ਰਣਧੀਰ ਸਿੰਘ ਜੀ |
| ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ (੪) | ੧੭ | ਸ: ਨਰੈਣ ਸਿੰਘ ਜੀ ਐਮ. ਏ. |
| ਗੁਰਮਤਿ ਸਾਹਿੱਤ ਤੇ ਬੀਰਤਾ | ੨੨ | ਡਾਕਟਰ ਤਾਰਨ ਸਿੰਘ ਜੀ |
| ਮੌਤ ਕੀ ਹੈ ? | ੨੫ | ਗਿਆਨੀ ਮੇਵਾ ਸਿੰਘ ਜੀ |
| ਕੀ ਮੌਤ ਉਤੇ ਕਾਬੂ ਪਾਣਾ ਸੰਭਵ ਹੈ ? | ੨੬ | ਡਾਕਟਰ ਗੋਬਿੰਦ ਸਿੰਘ ਮਨਸੁਖਾਨੀ |
| ਗੁਰਬਾਣੀ ਉਤਸ਼ਾਹਤ ਸਕੀਮ–ਸੁਖਮਨੀ ਸਾਹਿਬ | ੨੭ | ਡਾਕਟਰ ਹਰਚਰਨ ਸਿੰਘ ਜੀ |
| ਪੰਜਵਾਂ ਕਕਾਰ ਕੇਸ ਜਾਂ ਕੇਸਕੀ ? | ੩੧ | ਪ੍ਰੋਫੈਸਰ ਉਦੇ ਸਿੰਘ ਜੀ ਕੈਨੇਡਾ |
| ਸਿੱਖੀ (ਕਵਿਤਾ) | ੩੩ | ਪ੍ਰੋਫੈਸਰ ਮੋਹਨ ਸਿੰਘ ਜੀ |
| ਰਹੁ-ਰੀਤਾਂ ਨੂੰ ਰਖੋ ਬਰਕਰਾਰ ਸਿਖੋ (ਕਵਿਤਾ) | ੩੪ | ਸ: ਅਤਰ ਸਿੰਘ ਜੀ ਨੀਰ |
| ਭਲੋ ਭਲੋ ਰੇ ਕੀਰਤਨੀਆ | ੩੫ | ਜਥੇਦਾਰ ਅਖੰਡ ਕੀਰਤਨੀ ਜਥਾ |
| ਨਾਮ ਸਿਮਰਨ—ਬਿਧੀ ਤੇ ਧਿਆਨ | ੩੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |


ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ੯ ਮਈ

## ਸੂਰਾ ਮਾਸਕ ਪੱਤਰ ਨੂੰ ਪਜੀ ਸਹਾਇਤਾ

| | | | |
|---|---|---|---|
| ਭਾਈ ਜੀਤ ਸਿੰਘ, ਇਸ਼ੋਜ, ਡੈਨਮਾਰਕ | ੬੬-੦੦ | ਭਾਈ ਸਤਵਿੰਦਰ ਸਿੰਘ ਲੈਟਨ ਯੂ. ਕੇ. | ੮੬-੦੦ |
| ਭਾਈ ਮੋਹਨ ਸਿੰਘ. ਸ੍ਰੀ ਨਗਰ | ੨੫-੦੦ | ਏ. ਐਸ. ਅਫਵਾਲ, ਪੁਡਸੀ ਯੂ.ਕੇ. | ੮੬-੦੦ |
| ਸ: ਸੰਤੋਖ ਸਿੰਘ, ਹੈਦਰਾਬਾਦ | ੩੫-੦੦ | ਬੀਬੀ ਬਲਬੀਰ ਕੌਰ ਰੈਡਿੰਗ ਯੂ. ਕੇ. | ੪੩੦-੦੦ |
| ਭਾਈ ਬਲਵਿੰਦਰ ਸਿੰਘ, ਭਰੀਵਾਲ ਕਲਾਂ | ੧੦-੦੦ | ਭਾਈ ਗੁਰਨਾਮ ਸਿੰਘ ਰੈਡਿੰਗ ,, | ੨੧੫-੦੦ |
| ਭਾਈ ਗੁਰਨਾਮ ਸਿੰਘ ਯੂ. ਕੇ. | ੧੧-੫੦ | ਸ: ਗੁਰਚਰਨ ਸਿੰਘ. ਲੰਡਨ ,, | ੬੯-੦੦ |
| ਸ: ਇਕਬਾਲ ਸਿੰਘ, ਸਾਰਾ, ਵੈਨਕੋਵਰ | ੪੨-੦੦ | ਭਾਈ ਰਾਮ ਸਿੰਘ, ਸਾਊਥਾਲ ,, | ੧੦੭-੫੦ |
| ਕੇ. ਐਸ. ਚੰਧੋਕ, ਨਵੀ ਦਿਲੀ | ੧੩-੦੦ | ਰਾਹੀਂ ਭਾਈ ਗੁਰਨਾਮ ਸਿੰਘ, ਰੈਡਿੰਗ ,, | ੭੫-੦੦ |
| ਬੀ. ਐਸ. ਚੱਗਰ. ਡਰਬੀ ਯੂ. ਕੇ. | ੩੧-੪੪ | ਸ: ਭਗਤ ਸਿੰਘ, ਹਮਿਲਟਨ ,, | ੩੨੧-੧੨ |
| ਸਾਧ ਸੰਗਤ ਸਾਊਥਾਲ ਯੂ. ਕੇ. | ੬੬੬-੦੦ | ਸਾਧ ਸੰਗਤ ਮੇਰਠ | ੨੧੦੦-੦੦ |
| ਭਾਈ ਇੰਦਰਜੀਤ ਸਿੰਘ ਅੰਮ੍ਰਿਤਪਾਲ ਸਿੰਘ ਅੰਮ੍ਰਿਤਸਰ | | ਪਿਤਾ ਮਿਸਤ੍ਰੀ ਗੋਪਾਲ ਸਿੰਘ ਜੀ ਦੀ ਯਾਦ ਵਿਚ | ੧੫੦-੦੦ |
| ਭਾਈ ਪਰਮਜੀਤ ਸਿੰਘ ਪਟਿਆਲਾ | | ਬੀਬੀ ਤੇਜਿੰਦਰ ਕੌਰ ਦੀ ਯਾਦ ਵਿਚ | ੧੦-੦੦ |
| ਭਾਈ ਸਵਰਨ ਸਿੰਘ ਕਲਕੱਤਾ | | ਬੱਚੀ ਦੇ ਅਨੰਦ ਦੀ ਖ਼ੁਸ਼ੀ ਵਿਚ | ੫੦੦-੦੦ |
| ਭਾਈ ਬਲਬੀਰ ਸਿੰਘ ਬਾਲਾ ਚੱਕ | | ਚੜ੍ਹਾਵਾ ਕੀਰਤਨ ਸਮਾਗਮ | ੧੩੦-੦੦ |
| ਭਾਈ ਸੂਰਤ ਸਿੰਘ ਪੂਰਨ ਜੀ, ਅੰਮ੍ਰਿਤਸਰ | | ਢਾਡੀ ਬੱਚਿਆਂ ਦੀ ਮਿੱਠੀ ਯਾਦ ਵਿਚ | ੫੦੧-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩-੫-੮੮ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ਓ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਮਈ ੧੯੯੮ ਅੰਕ ੫

## ਸਤਿਗੁਰੁ ਜਾਗਤਾ ਹੈ ਦੇਉ

ਸਤਿਗੁਰੂ ਦੀ ਜਾਗਤ-ਜੋਤਿ-ਕਲਾ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਰਤਦੀ ਹੈ, ਪਰੰਤੂ ਪਰਤੱਖ ਪ੍ਰਗਟ ਪਾਹਾਰੇ ਤਿਨ੍ਹਾਂ ਨੂੰ ਹੀ ਜਾਪਦੀ ਹੈ. ਜਿਨ੍ਹਾਂ ਨਦਰ-ਕਰੰਮੇ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਦੇ ਘਟ ਅੰਦਰ ਜਾਗਤ ਜੋਤਿ ਦਾ ਪ੍ਰਕਾਸ਼ ਹੁੰਦਾ ਹੈ। ਜਿਨ੍ਹਾਂ ਨੇ ਇਸ ਪ੍ਰਕਾਸ਼ ਨੂੰ ਨਾਮ ਦੀ ਅਥਾਹ ਕਮਾਈ ਦੁਆਰਾ ਪਰਜੂਲਤ ਕੀਤਾ ਹੈ, ਆਪ ਆਪਣੇ ਘਟ ਅੰਤਰ ਹੀ. ਪਰਜੂਲਤ ਕੀਤਾ ਹੈ, ਤਿਨ੍ਹਾਂ ਸ਼ਬਦ-ਕਮਾਈਆਂ ਵਾਲੇ ਬਿਬੇਕ-ਬੀਚਾਰੀ, ਸੱਚੇ ਬਿਬੇਕ-ਬੀਚਾਰੀ, ਗੁਰਮਤਿ ਤੱਤ ਗਿਆਨ ਦੇ ਗਿਆਨੀ ਗੁਰਮੁਖ ਜਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚਮੁਚ ਪ੍ਰਗਟ ਗੁਰਾਂ ਕੀ ਦੇਹ, ਦਸੇ ਗੁਰੂ ਸਾਹਿਬਾਨ ਦਾ ਜੋਤਿ-ਜਲਵੀ-ਪਰਤੱਖ-ਸਰੂਪ ਨਜ਼ਰ ਆਉਂਦੇ ਹਨ । ....ਜਿਨ੍ਹਾਂ ਦੇ ਅੰਦਰ ਗੁਰ-ਚਾਨਣ-ਜੋਤਿ-ਚਰਾਗ ਵਾਲਾ ਰਸ-ਕਮਲ-ਵਿਗਾਸੀ-ਤੇਜ-ਪ੍ਰਕਾਸ਼ ਪ੍ਰਚੰਡ ਹੋਇਆ ਹੈ, ਤਿਨ੍ਹਾਂ ਨੂੰ ਸ਼ਬਦ-ਵਿਚਾਰੀ-ਵਿਗਾਸ ਦੇ ਪਰਤਾਪ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ-ਜਾਮਾ, ਜੋਤਿ-ਜਲਵਨੀ-ਜਲਾਲ ਦਾ ਡਲ੍ਹਕਾਂ ਮਾਰਦਾ ਨੂਰ ਜ਼ਹੂਰੀ ਸਾਖਸ਼ਾਤ ਸੋਮਾ ਪ੍ਰਗਟ ਪਾਹਾਰੇ ਜਾਪਦਾ ਪਰਤੀਤ ਹੋਇਆ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਸ਼ਬਦ ਗੁਰੂ" ਟਰੈਕਟ ਵਿਚੋਂ



www.AKJ.Org

# ਤੁਰੀਆ ਪਦ—ਅਗਮ ਪੁਰਾ—ਨਿਜ ਘਰ—ਸਹਜ ਪਦ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਤਿਤ ਅਗਮਪੁਰੇ ਜਾਇ ਨਿਵਾਸ ਪਾਉਣ ਦਾ ਜ਼ਰੀਆ ਹੀਲਾ ਕੀ ਹੈ, ਸੋ ਸਤਿਗੁਰੂ ਅਗੇ ਦਿਤੇ ਪਉੜੇ ਅੰਦਰ ਇਉਂ ਵਰਨਣ ਕਰਦੇ ਹਨ—

ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥
ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥
ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥
ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥
ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥੨॥

[ਆਸਾ ਮ: ੧, ਪੰਨਾ ੪੩੬

ਉਸ ਪਾਰਲੌਕਿਕ ਪੁਰੇ ਵਿਖੇ, ਜੋ ਮਨ ਬਾਣੀ ਇੰਦਰੀਆਂ ਦੇ ਵਿਸ਼ੇ ਤੋਂ ਪਰੇ ਹੈ, ਜਾਣਾ ਕਿਸ ਬਿਧਿ ਕਿਸ ਜਤਨ ਜੁਗਤੀ ਕਰਕੇ, ਕਿਸ ਸੰਜਮ ਕਰਕੇ ਹੋ ਸਕਦਾ ਹੈ ? ਇਸ ਦਾ ਉਤਰ ਅਗਲੀ ਤੁਕ ਹੈ—ਗੁਰ-ਸ਼ਬਦ ਕਮਾਉਣ ਮਈ ਸੁਕ੍ਰਿਤ ਕਰਨੀ ਵਾਲੇ ਸਾਰ ਗੁਣਾਂ (ਸਰਬ ਸਰੇਸ਼ਟ, ਸਰਬੋਤਮ ਤੱਤ ਗੁਣਾਂ) ਰੂਪੀ ਸਚੁ ਸਰੂਪ ਸੰਜਮ ਨੂੰ ਧਾਰਨ ਕੀਤਿਆਂ ਉਹ ਅਗਮਪੁਰਾ ਪ੍ਰਾਪਤ ਹੁੰਦਾ ਹੈ। ਹੋਰ ਕੋਈ ਸੰਜਮ ਨਹੀਂ, ਕੋਈ ਉਪਾਉ ਨਹੀਂ। ਸੰਜਮ ਹੈ ਤਾਂ ਗੁਰ-ਸ਼ਬਦ-ਕਮਾਈ ਹੈ। ਅਤੇ ਗੁਰ-ਸ਼ਬਦ ਨਾਮ-ਗੁਰਮੰਤ੍ਰ ਹੀ ਤਤ ਸਤ ਵਥੂ ਸੱਚ ਹੈ। ਸੱਚ ਰੂਪ ਵਖਰ ਹੈ ਤਾਂ ਕੇਵਲ ਗੁਰਮਤਿ ਨਾਮ ਹੈ। ਇਸ ਨਾਮ ਰੂਪ ਸਚੁ (ਸੱਚ ਵਖਰ) ਦੀ ਅਭਿਆਸ ਕਮਾਈ ਵਾਲਾ ਸੱਚਾ ਸੰਜਮ ਧਾਰਨ ਕੀਤਿਆਂ ਹੀ ਅਗਮਪੁਰੇ ਦੀ ਸੋਝੀ, ਸੱਚੀ ਸੂਝ ਬੂਝ ਪੈ ਸਕਦੀ ਹੈ, ਐਵੇਂ ਨਹੀਂ, ਭਾਵੇਂ ਕੋਈ ਲੱਖ ਯਤਨ ਆਨਮਤ ਸੰਜਮਾਂ ਦੀਆਂ ਦੁਕ੍ਰਿਤ ਕਰਨੀਆਂ ਕਰਿ ਗੁਜ਼ਰੇ। ਅਗਮਪੁਰੇ ਦੇ ਬਜਰ ਕਪਾਟ ਜਦ ਕਦ ਖੁਲ੍ਹਣੇ ਹਨ ਤਾਂ ਗੁਰਮਤਿ-ਨਾਮ ਗੁਰ-ਸ਼ਬਦ ਦੀ ਅਭਿਆਸ ਕਮਾਈ ਦੁਆਰਾ ਹੀ ਖੁਲ੍ਹਣੇ ਹਨ।

ਤੀਜੀ ਤੁਕ ਅੰਦਰ ਫੇਰ ਪਿਛਲੇ ਭਾਵ ਦੀ ਹੋਰ ਵੀ ਵਧਵੀਂ ਪ੍ਰੌੜ੍ਹਤਾ ਕੀਤੀ ਗਈ ਹੈ ਅਤੇ ਨਿਰਣਾ ਕੀਤਾ ਗਿਆ ਹੈ ਕਿ ਕੇਵਲ ਗੁਰ-ਸ਼ਬਦ (ਗੁਰਮਤਿ ਨਾਮ) ਦੀ ਕਮਾਈ ਕੀਤਿਆਂ ਹੀ ਅਗਮਪੁਰ ਮਈ ਨਿਜ-ਘਰ ਵਿਖੇ ਜਾਈਦਾ ਸਮਾਈਦਾ ਹੈ, ਅਤੇ ਤੱਤ ਗੁਰਮਤਿ ਗੁਣ (ਨਾਮ ਗੁਰ-ਮੰਤ੍ਰ) ਦੀ ਪਾਰਸ-ਕਮਾਈ ਦੁਆਰਾ ਹੀ ਗੁਣੀ-ਨਿਧਾਨ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੂੰ ਪਾਈਦਾ ਹੈ। ਗੁਣੀਨਿਧਾਨ ਵਾਹਿਗੁਰੂ ਪਾਰਬ੍ਰਹਮ ਪਰਮੇਸ਼ਰ ਦੇ ਅਗਮ ਅਗੋਚਰ ਸਰੂਪ ਦੀ ਲਖਤਾ ਹੀ ਅਗਮਪੁਰੇ ਦੀ ਪ੍ਰਾਪਤੀ ਅਤੇ ਨਿਜ ਘਰ ਦਾ ਨਿਵਾਸ ਹੈ। ਪਰਮਾਤਮਾ ਦੀ ਅੰਸ ਵਿਛੜੀ ਹੋਈ ਆਤਮਾ ਦਾ ਅਸਲ ਘਰ, ਆਪਣਾ ਘਰ ਉਹ ਹੈ, ਜਿਥੋਂ ਓਹ ਨਿਕਸ ਕੇ ਵਿਛੜੀ ਹੈ, ਅਤੇ ਤ੍ਰੈਗੁਣ-ਅਛਾਦਨੀ ਮਾਇਆ ਦੇ ਛਉੜਾਂ ਵਿਚ ਲਿਪਟ ਕੇ ਅਤੇ ਲਿਪਤ ਹੋ ਕੇ ਆਪਣੇ ਅਸਲ-ਘਰ ਨੂੰ ਭੁਲਾਈ ਬੈਠੀ ਹੈ, ਅਤੇ ਇਸੇ ਚਿਤਰ-ਬਚਿਤਰ-ਬਿਮੋਹਨੀ-ਮਾਇਆ ਦੇ ਨਾਨਾ ਪਰਕਾਰੀ ਛਉੜ-ਲਪੇਟੇ ਭ੍ਰਮ-ਭੀਤੀ ਨਿਵਾਸ ਨੂੰ ਹੀ ਆਪਣਾ ਨਿਜ ਘਰ, ਅਸਲੀ ਘਰ ਸਮਝੀ ਬੈਠੀ ਹੈ। ਯਥਾ ਗੁਰਵਾਕ—

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥
ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥੩॥੩॥੭੩॥ [ਸਿਰੀਰਾਗੁ ਮ: ੧, ਪੰਨਾ ੪੩
ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ ॥੩॥ [ਮਾਰੂ ਮ: ੫, ੧੦੧੭

ਸਦਾ-ਥਿਰ-ਵਾਸ-ਨਿਵਾਸੀ-ਘਰੁ, ਸਦਾ ਅਸਥਿਤ ਰਹਿਣ ਵਾਲਾ ਘਰੁ, ਜਿਸ ਘਰ ਮੰਹਿ ਸਦਾ ਲਈ ਨਿਹਚਲ ਹੋ ਕੇ ਰਹਿਣਾ ਬਸਨਾ ਹੈ, ਇਹ ਚਾਰ ਦਿਹਾੜੇ ਦਾ ਆਰਜ਼ੀ ਘਰ ਛਡ ਕੇ ਜਿਥੇ ਜਾਇ ਵਰਤਣਾ ਹੈ, ਓਹੀ ਅਸੀਲ


www.AKJ.Org

ਅਤੇ ਨਿਜ ਘਰ ਹੈ ਆਤਮਾ ਦਾ। ਉਸ ਨਿਜ ਘਰ ਵਿਖੇ ਨਿਵਾਸ ਪਾ ਕੇ ਇਹ ਕੁਝ ਵਾਪਰਦਾ ਹੈ। ਯਥਾ ਗੁਰਵਾਕ—

ਨਿਜ ਘਰ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ ॥੭॥ [ਨਟ ਮ: ੪, ਪੰਨਾ ੯੮੩

ਨਿਝਰ ਝਰਨੀ ਅੰਮ੍ਰਿਤ-ਧਾਰ ਦਾ ਅਚਰਜ ਰਸ, ਨਿਜ ਘਰ ਨਿਵਾਸ ਪਾ ਕੇ ਹੀ ਪੀਵੀਦਾ ਹੈ। ਇਸ ਨਿਜ ਘਰ ਅਪੜ ਕੇ ਨੈਨ ਅਜਿਹੇ ਦਿਬ ਦ੍ਰਿਸ਼ਟੇ ਹੋ ਜਾਂਦੇ ਹਨ ਕਿ ਇਨ੍ਹਾਂ ਸਥੂਲ ਨੈਣਾਂ ਦੇ ਬਿਨਾਂ ਹੀ ਸਾਰੇ ਜਗਤ ਨੂੰ ਦੇਖ ਸਕੀਦਾ ਹੈ,ਸਾਰਾ ਜਗ ਦੇਖ ਲਈਦਾ ਹੈ, ਇਕੋ ਦ੍ਰਿਸ਼ਟੀ ਨਾਲ ਦੇਖ ਲਈਦਾ ਹੈ। ਨਿਜ ਘਰ ਸੋ ਹੈ ਜਿਥੇ ਨਿਵਾਸ ਕਰ ਕੇ ਸਤਿ ਪੁਰਖ ਅਕਾਲ ਨੂੰ ਪਾਈਦਾ ਹੈ, ਅਤੇ ਪਾ ਕੇ ਦਿਨ ਰਾਤ ਸਰਬਦਾ ਕਾਲ ਉਸੇ ਪਿਆਰੇ ਪ੍ਰੀਤਮ ਦੇ ਨਾਲ ਰਹੀਦਾ ਹੈ—

ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥੨॥ [ਧਨਾਸਰੀ ਮ: ੧, ਪੰਨਾ ੬੮੯

ਪਰੰਤੂ ਬਿਨਾਂ ਭਗਤੀ, ਬਿਨਾਂ ਨਾਮ-ਅਭਿਆਸ ਰੂਪੀ ਭਗਤਿ-ਕਮਾਈ ਦੇ ਉਸ ਘਰ ਵਿਚ ਨਿਵਾਸ ਕਿਸੇ ਦਾ ਨਹੀਂ ਹੁੰਦਾ, ਅਤੇ ਕਦੇ ਭੀ ਨਹੀਂ ਹੁੰਦਾ, ਸਾਰੀ ਲੁਕਾਈ ਜ਼ੋਰ ਲਾ ਥਕੀ ਹੈ—

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥੨॥ [ਧਨਾਸਰੀ ਮ: ੧, ਪੰਨਾ ੬੮੯

ਨਿਜ ਘਰ ਵਿਖੇ ਨਿਵਾਸ ਪਾ ਕੇ ਜਨਮ ਮਰਨ ਦਾ ਭਉ ਚੁਕਿਆ ਜਾਂਦਾ ਹੈ, ਭਉ ਖੈ ਹੋ ਜਾਂਦਾ ਹੈ, ਖਾ ਲਈਦਾ ਹੈ ਅਤੇ ਦਹਿਦਿਸ ਧਾਵਨਹਾਰਾ ਮਨੂਆ ਠਾਕਿ ਰਹਾਈਦਾ ਹੈ ਅਤੇ ਕਮਲ-ਵਿਗਾਸ ਹੋ ਕੇ ਹੀ ਨਿਜ ਘਰ ਵਿਚ ਨਿਵਾਸ ਹਾਸਲ ਹੁੰਦਾ ਹੈ। ਤਿਤ ਕੰਵਲ-ਵਿਗਾਸੀ, ਨਿਜ ਘਰ ਨਿਵਾਸੀ ਖੇੜੇ ਵਿਚ ਸਾਰੇ ਆਗਾਸ ਪਾਤਾਲ ਵਿਖੇ ਚਾਰੇ ਚੁਫੇਰੇ ਆਤਮਾ ਨੂੰ ਅੰਮ੍ਰਿਤ ਭਰੇ ਹਰੇ ਸਰਸਰੇ ਨੱਕਾ-ਨੱਕ ਸਰੋਵਰ ਹੀ ਸਾਹਮਣੇ ਸਾਖਸ਼ਾਤਕਾਰ ਨਜ਼ਰ ਆਉਂਦੇ ਹਨ, ਅਤੇ ਜੋਤਿ ਸਾਖਸ਼ਾਤਕਾਰ ਪਰਮਾਤਮਾ ਵਿਖੇ ਰਮੇ ਹੋਏ ਆਤਮਾ ਨੂੰ ਨਿਰਾਲੇ ਪਰਤੱਖ ਦਰਸ਼ਨ ਹੀ ਦਰਸ਼ਨ ਸਾਖਿਆਤ ਦੀਹਦੇ ਹਨ—

ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮਰਾਮੁ ਸਖਾਈ ਹੇ ॥੬॥ [ਮਾਰੂ ਮ: ੧, ਪੰਨਾ ੧੦੨੨

ਨਿਜ ਘਰ ਵਸਿਆਂ ਮੋਹ ਮਾਇਆ ਤਿਥੈ ਰਹਿੰਦੀ ਨਹੀਂ—

ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥੨॥ [ਮਾਰੂ ਮ: ੩, ਪੰਨਾ ੧੦੫੦

ਗੁਰ-ਦੀਖਿਆ ਦੁਆਰਾ ਗੁਰਮਤਿ-ਨਾਮ ਜਦੋਂ ਮਨ ਵਿਚ ਆਇ ਵਸਦਾ ਹੈ ਤਦੋਂ ਨਾਮ ਅਭਿਆਸ ਕਮਾਈ ਦੇ ਪ੍ਰਭਾਵ ਕਰਕੇ ਸਹਿਜ-ਸੁਭਾਇ ਹੀ ਨਿਜ ਘਰਿ ਵਿਖੇ ਨਿਵਾਸ ਹੋ ਜਾਂਦਾ ਹੈ—

ਨਿਜ ਘਰਿ ਵਸੈ ਸਹਜਿ ਸੁਭਾਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥੮॥
[ਭੈਰਉ ਮ: ੫, ਪੰਨਾ ੧੧੨੯

ਜਦੋਂ ਨਿਜ ਘਰ ਵਾਸਾ ਹੋ ਜਾਂਦਾ ਹੈ ਤਦੋਂ ਨਿਜ ਘਰਿ ਵਾਸੀ ਭਗਤ ਜਨਾਂ ਦਾ ਭੋਜਨ ਹਰਿ ਨਾਮੁ ਨਿਰੰਜਨ ਹੀ ਹੋ ਜਾਂਦਾ ਹੈ। ਉਥੇ ਹੋਰ ਛਾਦਨ ਭੋਜਨ ਦੀ ਇੱਛਾ ਮੁਕ ਜਾਂਦੀ ਹੈ। 'ਅਚਿੰਤ ਮਿਲੇ ਸੋ ਪਾਏ' ਵਾਲੀ ਨਿਰਇਛਤ ਬਿਵਸਥਾ ਹੋ ਜਾਂਦੀ ਹੈ। ਸਿਫਤ ਸਾਲਾਹ ਰੂਪੀ ਭਗਤਿ-ਵਡਾਈ ਹੀ ਭਗਤ ਜਨਾਂ ਦਾ ਪਹਿਨਣ ਹੋ ਜਾਂਦਾ ਹੈ। ਨਿਜ ਘਰ ਵਾਸਾ ਪਾ ਕੇ ਭੀ ਨਿਜ-ਘਰੀ-ਭਗਤ ਜਨ ਹਰੀ ਕਰਤਾਰ ਦੇ ਭਜਨ ਮਈ ਸੇਵਾ-ਭਗਤੀ ਕਰਦੇ ਹੀ ਰਹਿੰਦੇ ਹਨ। ਏਹੀ ਓਹਨਾਂ ਦੀ ਸੋਭਾ ਸੁਰਤਿ ਸੁਹਾਵਣੀ ਹੈ—

ਭਗਤਾਂ ਕਾ ਭੋਜਨੁ ਹਰਿ ਨਾਮੁ ਨਿਰੰਜਨੁ ਪੈਨਣੁ ਭਗਤਿ ਬਡਾਈ ॥
ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥੨॥ [ਸਾਰੰਗ ਮ: ੩, ਪੰਨਾ ੧੨੩੩

ਸੱਚੇ ਸ਼ਬਦ ਗੁਰ-ਮੰਤ੍ਰ ਨਾਮ-ਅਭਿਆਸ ਦੁਆਰਾ ਹੀ ਸਚੁ ਕਮਾਈਦਾ ਹੈ, ਅਤੇ ਸੱਚੀ ਬਾਣੀ ਦੁਆਰਾ ਹੀ ਹਰਿ ਗੁਣ ਗਾਈਦਾ ਹੈ। ਇਉਂ ਨਿਜ ਘਰ ਵਾਸਾ ਹੁੰਦਾ ਹੈ, ਅਤੇ ਨਿਜ ਘਰ ਵਾਸਾ ਹੋਣ ਸਾਰ ਹੀ ਅਮਰਾ ਪਦ ਪਾ ਲਈਦਾ ਹੈ, ਤਾਂ ਸੱਚੀ ਦਰਗਾਹੇ ਸੋਭਾ ਪਾਈਦੀ ਹੈ—



www.AKJ.Org

ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥
ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥ ਤਾ ਦਰਿ ਸਚੈ ਸੋਭਾ ਪਾਵੈ ॥੫॥

[ਪ੍ਰਭਾਤੀ ਮ: ੧, ਪੰਨਾ ੧੩੪੨

ਇਸ ਨਿਜ ਘਰ ਦੀ ਬੂਝ ਗੁਰ-ਦੀਖਤ ਗੁਰਮੁਖਾਂ ਤੋਂ ਹੀ ਬੁਝੀ ਜਾਂਦੀ ਹੈ, ਜਿਨ੍ਹਾਂ ਦੀ ਗੁਰਮਤਿ-ਨਾਮ-ਅਭਿਆਸ-ਕਮਾਈ ਕਰਿ ਇਕਸ ਸੇਤੀ ਲਿਵ ਲਗ ਜਾਂਦੀ ਹੈ। ਬਸ, ਇਹਨਾਂ ਗੁਰਮੁਖ-ਲਿਵਤਾਰੀ-ਜਨਾਂ ਦਾ ਹੀ ਨਿਜ ਘਰ ਵਿਖੇ ਵਾਸਾ ਹੁੰਦਾ ਹੈ, ਤੇ ਸਚਖੰਡ ਸਮਾਸਾ ਹੁੰਦਾ ਹੈ। ਜਿਨ੍ਹਾਂ ਦਾ ਜਨਮ ਮਰਨ ਮੁਕ ਜਾਂਦਾ ਹੈ, ਪਰ ਪੂਰੇ ਗੁਰੂ ਘਰ ਵਿਖੇ ਆ ਕੇ ਤੇ ਸਤਿਗੁਰੂ ਦੇ ਮਤਿ ਵਿਚ ਚਲ ਕੇ ਇਸ ਨਿਜ ਘਰ ਪਦਵੀ ਨੂੰ ਪਾਈਦਾ ਹੈ—

ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥
ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭।

[ਗਉੜੀ ਗੁਆ: ਮ: ੧, ਪੰਨਾ ੨੨੨

ਜਿਨ੍ਹਾਂ ਦਾ ਨਿਜ ਘਰ ਵਿਚ ਵਾਸਾ ਹੋ ਜਾਂਦਾ ਹੈ, ਉਹਨਾਂ ਦਾ ਸੁਹੱਪਣ ਸਦਾ ਹੀ ਸੋਹਣਹਾਰਾ ਜੋਤਿ-ਜਲਵਾਰਾ ਹੋ ਜਾਂਦਾ ਹੈ। ਤਿਨ੍ਹਾਂ ਦਾ ਦਰਸ਼ਨ-ਮਿਲਾਪ ਹੀ ਸੁਖਦਾਤਾ ਹੁੰਦਾ ਹੈ। ਉਹਨਾਂ ਦੇ ਅੰਦਰ ਨਿਰਮਲ ਨਾਮ ਦਾ ਨਿਵਾਸ ਦਿਨ ਰਾਤ ਹੀ ਰਹਿੰਦਾ ਹੈ। ਕਾਲ ਨੂੰ ਤ੍ਰਿਹਨਾਂ ਨੇ ਮਾਰ ਲਿਆ ਹੈ। ਉਨ੍ਹਾਂ ਦੀ ਮਨਸਾ ਮਨ ਅੰਦਰ ਹੀ ਸਮਾ ਜਾਂਦੀ ਹੈ। ਉਹ ਅਨਦਿਨ ਜਾਗਦੇ ਰਹਿੰਦੇ ਹਨ। ਕਦੇ ਭੀ ਨਹੀਂ ਸੌਂਦੇ। ਸਹਿਜੇ ਹੀ ਅੰਮ੍ਰਿਤ ਰਸ ਦੇ ਗਟਾਕ ਪੀਂਦੇ ਰਹਿੰਦੇ ਹਨ। ਅੰਮ੍ਰਿਤ ਬਾਣੀ ਦੀ ਮਿਠਾਸ ਉਹਨਾਂ ਦੇ ਮੁਖ ਵਿਖੇ, ਅੰਮ੍ਰਿਤ-ਨਾਮ-ਰਸ ਦੇ ਰਸਾਸ ਉਹਨਾਂ ਦੇ ਹਿਰਦੇ ਅੰਦਰ ਰਹਿੰਦੀ ਹੈ, ਤੇ ਅਨਦਿਨ ਗੁਣ ਗਾਉਣ ਦੀ ਦੇਣ ਉਹਨਾਂ ਦੀ ਰਸਨਾ ਨੂੰ ਰਸਾਈ ਰਖਦੀ ਹੈ—

ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥
ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪੀਆਉ ॥
ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥
ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ ॥੨॥੯॥

[ਵਾਰ ਬਿਲਾਵਲ, ਮ: ੩, ਪੰਨਾ ੮੫੩

ਤੁਰੀਆ ਪਦ ਵਾਸ-ਨਿਵਾਸ ਵਾਲਾ ਸਦਾ ਥਿਰ ਟਿਕਾਣੇ ਦਾ ਘਰ ਹੀ ਪੁਗ ਖਲੋਤੇ ਜਲ-ਕੰਵਲ-ਨਿਰਾਲਮੀ ਗੁਰਮੁਖ ਜਾਗਦੇ ਜੋਗੀਆਂ ਦਾ ਨਿਜ ਘਰ ਹੈ। ਇਹ ਨਿਜ ਘਰ ਪਾਰਸ ਰੂਪ ਹੈ। ਇਸ ਪਾਰਸ-ਘਰ-ਸੁਪਰਸਨੀ-ਨਿਵਾਸ ਰਖਣ ਵਾਲੇ, ਸੁਤੇ ਸਹਿਜ ਹੀ ਤ੍ਰੈਗੁਣੀ ਲੇਪ ਛੇਪ ਤੋਂ ਅਤੀਤ ਰਹਿੰਦੇ ਹਨ। ਤਿਨ੍ਹਾਂ ਨੂੰ ਪਾਪ ਪੁੰਨ ਸਮਾਨ ਹਨ, ਅਰਥਾਤ ਨਾ ਉਹ ਪਾਪਾਂ ਵਿਚ ਪ੍ਰਵਿਰਤ ਹੁੰਦੇ ਹਨ ਤੇ ਨਾ ਉਹਨਾਂ ਨੂੰ ਪੁੰਨ ਫਲ ਦੀ ਬਾਂਛਾ ਰਹਿੰਦੀ ਹੈ—

ਪਾਪ ਪੁੰਨ ਦੁਇ ਏਕ ਸਮਾਨ ॥ ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥੯॥

[ਗਉੜੀ ਕਬੀਰ ਜੀ, ਪੰਨਾ ੩੨੫

ਇੱਕ ਨਾਮ ਦੇ ਪਰਤਾਪ ਕਰ ਕੇ ਹੀ ਇਸ ਨਿਜ ਘਰ ਵਿਚ ਵਾਸਾ ਹੁੰਦਾ ਹੈ। ਨਿਜ ਘਰ ਵਿਚ ਇਸਥਿਤੀ ਹੋਣ ਕਰਿ ਸਦਾ ਕੀਰਤਨ ਦੀ ਅਨਹਦ ਝੁਨਕਾਰ ਬਝੀ ਰਹਿੰਦੀ ਹੈ ਅਤੇ ਕਰਤਾਰ ਦਾ ਸਨਮੁਖ ਦੀਦਾਰ, ਅਕਾਲ ਮੂਰਤੀ ਦੀਦਾਰ, ਸੂਖਮ ਦਿੱਬ ਸੂਰਤੀ ਦੀਦਾਰ ਸਦਾ ਹੀ ਬਣਿਆ ਰਹਿੰਦਾ ਹੈ। ਸੱਚਾ ਤੱਤ ਮੁਕਤ ਪਦ ਭੀ ਤਿਥੇ ਹੀ ਪ੍ਰਾਪਤ ਹੁੰਦਾ ਹੈ ਤੇ ਸਦਾ ਪ੍ਰਾਪਤ ਰਹਿੰਦਾ ਹੈ। ਤਿਥੇ ਹੀ ਨਿਰੰਕਾਰ ਨਿਰੰਜਨ ਜੋਤਿ ਪ੍ਰਕਾਸ਼ ਸਰੂਪ ਵਿਖੇ ਸਰਬਤ੍ਰ ਸਮਾਇ ਰਹਿਆ ਪਰਗਟ-ਪਹਾਰੇ ਨਜ਼ਰ ਆਉਂਦਾ ਹੈ, ਨਿਜ ਘਰ ਨਿਜ ਠਾਇ ਬਿਆਪ ਰਹਿਆ ਸਾਫ਼ ਦਿਸਦਾ ਹੈ—

ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ [ਗਉੜੀ ਗੁਆ: ਮ: ੧, ਪੰਨਾ ੨੨੧

ਨਿਜ ਘਰ ਵਾਸਾ ਪਾਇ ਰਹੇ ਗੁਰਮੁਖ ਜਨਾਂ ਦਾ ਨਿਰਾਲਾ ਚਾਲਾ ਇਉਂ ਹੁੰਦਾ ਹੈ, ਹੋਇ ਰਹਿੰਦਾ ਹੈ, ਜਿਹਾ



www.AKJ.Org

ਕਿ ਇਸ ਗੁਰਵਾਕ ਵਿਚ ਦਸਿਆ ਗਿਆ ਹੈ—

ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ਰਹਾਉ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ ਗੁਰਮਤਿ ਚਾਲ ਨਿਹਚਲੁ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥ ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥ ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮਪਦੁ ਪਾਇਆ ਸੇਵਾ ਗੁਰਚਰਣੀ ॥ ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥ [ਗਉੜੀ ਮ: ੧, ਪੰਨਾ ੨੨੭

ਉਹ ਸਦਾ ਹੀ ਨਾਮ, ਸਤਿ ਨਾਮ ਮਈ ਸਚੁ ਹੀ ਬੋਲਦੇ ਹਨ। ਉਹਨਾਂ ਦੀ ਰਸਨਾ ਤੋਂ ਕੇਵਲ ਨਾਮ ਹੀ ਨਾਮ ਉਚਰੀਦਾ ਹੈ। ਨਾਮ ਹੀ ਸਚੁ ਵਖਰ ਹੈ। ਇਹੀ ਗੁਰਮੁਖ ਪਿਆਰੇ, ਨਾਮ ਦੇ ਰਸੀਏ, ਸਚੁ ਸਚੇ ਦੇ ਆਸ਼ਕ ਮੁਖੋਂ ਉਚਾਰਦੇ ਹਨ—

ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ ॥
ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥੫॥੨॥ [ਧਨਾਸਰੀ ਮ: ੧,ਪੰਨਾ ੬੮੯

**ਸੱਚ ਦਾ ਨਿਰਣਾ—**

ਨਾਮ ਰੂਪੀ ਸਚੁ ਬਿਨਾਂ ਉਹਨਾਂ ਦੀ ਰਸਨਾ ਮੁਖਾਰਬਿੰਦੋਂ ਰਾਈ ਮਾਤਰ ਭੀ ਕੂੜ ਮਿਥਿਆ ਬਚਨ ਬੋਲ ਨਹੀਂ ਨਿਕਲਦਾ। ਨਾਮ ਤੋਂ ਬਿਨਾਂ ਸਭ ਗੱਲਾਂ ਕੂੜੀਆਂ ਤੇ ਹੋਛੀਆਂ ਹੀ ਹਨ। ਇਹ ਤ੍ਰੈਗੁਣੀ ਸਚੁ ਬੋਲਣਾ ਉਸ ਤੁਰੀਆ ਗੁਣੀ ਸੱਚ ਦੇ ਸਾਹਮਣੇ ਇਕ ਪਰਛਾਵੇਂ ਮਾਤਰ ਸੱਚ ਹੀ ਹੈ, ਤੱਤ ਸੱਚ ਦੇ ਵਾਪਾਰੀਆਂ, ਮੁਖ-ਬੋਲਾਰੀਆਂ ਨੂੰ ਮਿਥਿਆ ਸੱਚ ਭਾਉਂਦਾ ਹੀ ਨਹੀਂ। ਸੰਸਾਰੀਆਂ ਨਾਲ ਸੱਚ ਬੋਲਣਾ ਉਹਨਾਂ ਦਾ ਸੁਤੇ ਬਿਉਹਾਰੀ ਰਬਤ ਸਹਿਜ ਸੁਭਾਇ ਹੀ ਬਣਿਆ ਰਹਿੰਦਾ ਹੈ। ਹੁਕਮ ਰਜ਼ਾ ਵਿਚ ਰਹਿਣ ਵਾਲਾ ਸੱਚ ਰੂਪੀ ਹੁਕਮ ਕਮਾਵਣਾ, ਅਰਥਾਤ ਨਾਮ ਜਪਣਾ ਉਨ੍ਹਾਂ ਦਾ ਖਸਮ ਦੀ ਰਜ਼ਾ ਵਿਚ ਚਲਣਾ ਹੈ। ਸੋ ਉਹ ਗੁਰਮੁਖ ਜਨ ਸਦਾ ਹੀ ਏਸੇ "ਰਾਮ ਨਾਮ ਰਵਿ ਰਹੀਐ"* ਵਾਲੇ ਬੋਲਾਂ ਨੂੰ ਹੀ ਬੋਲਦੇ ਹਨ। ਹੋਰ ਬੋਲ ਬੋਲਣਾ ਫਾਦਲਬਾਦ ਹੈ। ਉਹ ਸੱਚੇ ਵਾਹਿਗੁਰੂ ਦੀ ਸਰਣਾਈ ਇਸ ਨਾਮ ਰੂਪੀ ਸੱਚ ਨੂੰ ਹਰਦਮ ਭੇਟ ਚੜ੍ਹਾਇ ਚੜ੍ਹਾਇ ਅਲਮਸਤ ਮਤਵਾਰੇ ਬਣੇ ਰਹਿੰਦੇ ਹਨ, ਤੇ ਹੋਰ ਮਿਥਿਆ ਵਾਦ ਕੂੜਾਵੇ ਸੱਚ ਵਲੋਂ ਸਦਾ ਹੀ ਉਪਰਾਮ ਰਹਿੰਦੇ ਹਨ। ਸੰਸਾਰਕ ਮੋਹ ਮਮਤਾ ਤੋਂ ਅਤੀਤ ਵੈਰਾਗੀ ਤਿਆਗੀ ਵਿਰੱਕਤ ਬਿਰਤ ਰਹਿੰਦੇ ਹਨ। ਇਸ ਦ੍ਰਿਸ਼ਟਮਾਨ ਪਸਾਰੇ ਵਲੋਂ ਅਤੀਤ ਵਿਰੱਕਤ ਹੋਏ ਬਾਝੋਂ ਸੱਚੇ ਸਾਹਿਬ ਦੀ ਸਰਣਾਈ ਰਹਿਣਾ ਅਤੀ ਅਸੰਭਵ ਹੈ।

**ਚਰਨ ਸਰਣ ਦਾ ਪਰਤਾਪ—**

ਚਰਨ ਸਰਣ ਦੀ ਲੀਨਤਾ ਕੀ ਰੰਗ ਲਿਆਉਂਦੀ ਹੈ। "ਸਚ ਘਰਿ ਬੈਸੈ ਕਾਲੁ ਨਾ ਜੋਹੈ" (੨੨੭) ਦੇ ਗੁਰਵਾਕ ਅਨੁਸਾਰ ਸੱਚੇ ਨਿਜ ਘਰ ਵਿਖੇ ਬਿਰਤੀ ਨੂੰ ਅਖੰਡ ਨਿਵਾਸ ਅਸਥਤਾਇ ਦਿੰਦੀ ਹੈ, ਜਿਥੇ ਜਮਕਾਲ०

* ਗੋਂਡ ਕਬੀਰ ਜੀ, ਪੰਨਾ ੮੭੦



www.AKJ.Org

# ਗੁਰਸਿਖ-ਗ੍ਰਿਹਸਤੀ ਜੀਵਨ

[ਭਾਈ ਰਾਮ ਸਿੰਘ ਜੀ, ਜਥੇਦਾਰ ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ]

ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰੀਆਂ ਨੂੰ ਗ੍ਰਿਹਸਤ ਮਾਰਗ ਦੀ ਲੋੜ ਅਤੇ ਵਿਸ਼ੇਸ਼ਤਾ ਦਸਣ ਲਈ, ਆਪ ਗ੍ਰਿਹਸਤੀ ਜੀਵਨ ਇਖ਼ਤਿਆਰ ਕੀਤਾ। ਸਾਰੇ ਗੁਰੂ ਸਾਹਿਬਾਂ ਨੇ ਹੀ ਗ੍ਰਿਹਸਤੀ ਜੀਵਨ ਬਤੀਤ ਕੀਤਾ। ਅਠਵੇਂ ਪਾਤਸ਼ਾਹ ਜੀ ਤਾਂ ਬਹੁਤ ਹੀ ਛੋਟੀ ਉਮਰ ਵਿਚ ਜੋਤੀ ਜੋਤਿ ਸਮਾ ਗਏ ਸਨ।

ਗੁਰਬਾਣੀ ਅੰਦਰ ਗੁਰਸਿਖਾਂ ਨੂੰ ਗ੍ਰਿਹਸਤੀ ਜੀਵਨ ਬਤੀਤ ਕਰਨ ਸੰਬੰਧੀ ਕੁਝ ਅਗਵਾਈਆਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਬਾਰ ਜਾਣਕਾਰੀ ਹਾਸਲ ਕਰਨੀ ਹਰ ਇਕ ਗੁਰਸਿਖ ਦਾ ਫ਼ਰਜ਼ ਬਣਦਾ ਹੈ। ਪਤੀ ਦੀ ਅਗਵਾਈ ਹਿਤ ਭੀ ਗੁਰਬਾਣੀ ਭਰਪੂਰ ਹੈ ਅਤੇ ਪਥਨੀ ਦੀ ਅਗਵਾਈ ਲਈ ਭੀ ਬੜੀਆਂ ਠੋਸ ਨਸੀਹਤਾਂ ਦੀਆਂ ਮਿਸਾਲਾਂ ਗੁਰਬਾਣੀ ਅੰਦਰ ਮਿਲਦੀਆਂ ਹਨ।

ਜਦੋਂ ਭੀ ਪਤਨੀ ਪਤੀ ਵਿਚ ਖਟਪਟੀ ਹੁੰਦੀ ਹੈ, ਉਹ ਤਾਂ ਹੀ ਹੁੰਦੀ ਹੈ ਕਿ ਦੋਹਾਂ ਵਿਚੋਂ ਇਕ ਜਾਂ ਦੋਨੋਂ ਹੀ ਆਪਣਾ ਗ੍ਰਿਹਸਤੀ ਫ਼ਰਜ਼ ਨਹੀਂ ਨਿਭਾ ਰਹੇ ਹੁੰਦੇ, ਵਰਨਾ ਗੁਰਸਿਖਾਂ ਦੇ ਪਰਵਾਰਾਂ ਵਿਚ ਬੇ-ਰਸੀ ਹੋ ਸਕਣ ਦੀ ਕੋਈ ਸੰਭਾਵਨਾ ਹੀ ਨਹੀਂ ਹੁੰਦੀ।

ਗੁਰਬਾਣੀ ਵਿਚ ਆਤਮਾ ਅਤੇ ਪਰਮਾਤਮਾ ਦਾ ਆਪਸੀ ਸਨਬੰਧ ਦਰਸਾਉਣ ਲਈ ਪਤਨੀ ਅਤੇ ਪਤੀ ਦੀ ਹੀ ਮਿਸਾਲ ਨੂੰ ਵਰਤਿਆ ਗਿਆ ਹੈ। ਆਤਮਾ ਵਿਆਹੁਤਾ ਇਸਤ੍ਰੀ ਦੇ ਰੂਪ ਵਿਚ ਪ੍ਰਮਾਤਮਾ-ਪਤੀ ਨੂੰ ਮਿਲਣ ਲਈ ਤੜਪਦੀ ਫਿਰਦੀ ਦਰਸਾਈ ਹੈ। ਅਤੇ ਪਰਮਾਤਮਾ ਨੂੰ, ਜੋ ਗੁਰਬਾਣੀ ਅਨੁਸਾਰ ਦਇਆਲੂ, ਕਿਰਪਾਲੂ, ਮਿਠਬੋਲੜਾ ਅਤੇ ਹੋਰ ਅਨੇਕ ਸ਼ੁਭ ਗੁਣਾਂ ਦਾ ਭੰਡਾਰ ਹੈ, ਪਤੀ ਦੇ ਰੂਪ ਵਜੋਂ ਪੇਸ਼ ਕੀਤਾ ਗਿਆ ਹੈ।

'ਵਿਆਹ' ਨੂੰ ਸਿੱਖ ਧਰਮ ਵਿਚ ਜ਼ਰੂਰੀ ਦੱਸਣ ਲਈ ਗੁਰਬਾਣੀ ਵਿਚ ਸੰਕੇਤ ਹੈ ਕਿ—

ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ ॥੧॥ (ਪੰਨਾ ੧੨੬੮)

ਪੁਰਖਾਂ ਦੇ ਮਨਾਂ ਵਿਚੋਂ ਇਸਤ੍ਰੀ ਸੰਬੰਧੀ ਘਿਰਣਾ ਨੂੰ ਦੂਰ ਕਰਨ ਲਈ ਸਾਹਿਬ ਫ਼ੁਰਮਾਉਂਦੇ ਹਨ—

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥੨॥੧੯॥ (ਪੰਨਾ ੪੭੩)

ਭਾਵ ਕਿ ਇਸਤ੍ਰੀਆਂ ਨੂੰ ਸਤਿਕਾਰਨਾ ਬਣ ਆਉਂਦਾ ਹੈ। ਇਸਤ੍ਰੀ ਨੂੰ ਸੁਸਾਇਟੀ ਵਿਚ ਬਰਾਬਰ ਦੀ

---

੦ ਉਨ੍ਹਾਂ ਨੂੰ ਜੋਹ ਪੋਹ ਹੀ ਨਹੀਂ ਸਕਦਾ। ਉਨ੍ਹਾਂ ਵਲ ਤਕ ਅੱਖ ਫਰਕ ਭੀ ਨਹੀਂ ਸਕਦਾ। ਮਨਮੁਖ ਮਾਇਆ ਮੋਹ ਵਿਆਪੇ ਚੁਰਾਸੀ ਦੇ ਜੀਵਾਂ ਨੂੰ ਆਵਣ ਜਾਣ ਦਾ ਦੁਖ ਹੀ ਮੁਹਾਉਂਦਾ ਭਰਮਾਉਂਦਾ ਰਹਿੰਦਾ ਹੈ। ਗੁਰਮੁਖ ਨਾਮ ਅਭਿਆਸੀ ਜਨ ਨਾਮ-ਮਹਾਂ ਰਸ ਦੇ ਅਮਿਉ ਗਟਾਕ ਪੀ ਪੀ ਅਤੇ ਅਜਪਾ ਜਾਪ ਦੀ ਅਕਥ ਕਥਾ ਅਕਥੀਅ ਕੇ ਹੀ ਮਹਾਂ ਅਨੰਦਤ ਹੋਇ ਰਹਿੰਦੇ ਹਨ। ਉਨ੍ਹਾਂ ਦਾ ਆਵਾ ਗਵਣ ਮਿਟ ਜਾਂਦਾ ਹੈ ਅਤੇ ਜੀਵਨ-ਜੁਗਤਿ ਗੁਰਮਤਿ ਮੁਕਤਿ ਦੇ ਮਾਨਣਹਾਰੇ ਮੁਕਤੀਸ਼ਰ ਤੇ ਚਰਨ ਕਮਲ ਮੌਜ ਦੇ ਮੌਜੀਸ਼ਰ ਹੋਇ ਕੇ "ਨਿਜ ਘਰਿ ਬੈਸਿ ਸਹਜ ਘਰਿ ਲਹੀਐ" (੨੨੭) ਵਾਲੇ ਪਦ ਨੂੰ ਪੁਗ ਖਲੋਂਦੇ ਹਨ। ਰਸ-ਜੋਤਿ-ਅਨੰਦਨੀ ਨਿਜ ਘਰ ਅੰਦਰ ਕੇਲ ਕਰੰਤੇ, ਸਹਜ ਘਰ ਦੇ ਸਿਖਰ ਨੂੰ ਜਾ ਲਹਿੰਦੇ ਪੁਜਦੇ ਹਨ। ਹਰਿ ਰਸ ਵਿਚ ਮੱਤਿਆਂ ਮਗਨੱਤਿਆਂ ਨੂੰ ਹੀ ਇਹ ਸੁਖ ਸਹਜ ਪਦ ਬਣਿ ਆਉਂਦਾ ਹੈ। ਇਹ ਗੁਰਮਤਿ-ਨਿਰਾਲਮੀ-ਚੋਜ ਚਲਤ ਨਿਹਚਲ ਚਾਲਾ ਅਡੋਲ ਅਵਸਥਾਲਾ ਹੈ, ਜੋ ਕਦੇ ਡੁਲਾਇਮਾਨ ਚਲਾਇਮਾਨ ਨਹੀਂ ਹੁੰਦਾ। ਇਹ ਗੁਰਮਤਿ ਸਾਚ ਸਹਜ ਪਦ ਐਸਾ ਹੈ ਜਿਸ ਵਿਚ ਲੀਨ ਹੋ ਕੇ, ਸਹਜ-ਰੰਗ-ਲੀਣਾ ਜਨ ਗੁੰਮ ਸੁੰਮ ਨਹੀਂ ਹੋ ਜਾਂਦਾ, ਸਗੋਂ ਰਸਕ ਰਸਾਲੂ ਹੋਇ ਕੇ ਅਭਿਆਸ-ਅਨੰਦੀ-ਨਾਮੁ-ਗੁਟਕਣੀਆਂ ਗੁਟਕਦਾ ਹੈ। ਅਤੇ "ਪੀਵੈ ਅੰਮ੍ਰਿਤੁ ਤਤੁ ਵਿਰੋਲੈ" (੨੨੭) ਵਾਲੇ ਸਹਜ ਆਨੰਦੀ ਆਹਰ ਵਿਚ ਸਦਾ ਸਾਵਧਾਨ ਰਹਿੰਦਾ ਹੈ।

[ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਵਿਚੋਂ



www.AKJ.Org

ਹੱਕਦਾਰ ਦਰਸਾਉਣ ਲਈ, ਗੁਰਬਾਣੀ ਅੰਦਰ ਇਸ ਨੂੰ "ਅਰਧ-ਸਰੀਰੀ" ਕਹਿ ਕੇ ਸਨਮਾਨਿਆ ਗਿਆ ਹੈ। ਸਭ ਮਰਦਾਂ ਨੂੰ ਆਪਣੀਆਂ ਪਤਨੀਆਂ ਨੂੰ ਅਜਿਹਾ ਹੀ ਸਮਝਣਾ ਚਾਹੀਏ।

ਅੰਮ੍ਰਿਤ ਛਕਣ ਸਮੇਂ ਭੀ ਸਿੰਘ "ਵਾਹਿਗੁਰੂ-ਜੀ-ਕਾ-ਖਾਲਸਾ" ਸਜ ਜਾਂਦਾ ਹੈ ਅਤੇ ਇਸਤ੍ਰੀ ਭੀ "ਵਾਹਿਗੁਰੂ-ਜੀ-ਕਾ-ਖਾਲਸਾ" ਸਜ ਜਾਂਦੀ ਹੈ, ਭਾਵ ਕਿ ਦੋਨੋਂ ਹੀ ਖਾਲਸਾ ਹਨ। ਇਹ ਭੀ ਸਮਾਨਤਾ ਦਾ ਹੀ ਪ੍ਰਤੀਕ ਹੈ। ਜਿਥੇ ਬੀਬੀਆਂ ਲਈ ਪਤੀ-ਬ੍ਰਤ ਹੋਣਾ ਜ਼ਰੂਰੀ ਹੈ ਓਥੇ ਪਤੀਆਂ ਨੂੰ ਭੀ ਇਸਤ੍ਰੀ-ਬ੍ਰਤ ਹੋਣ ਲਈ ਕਿਹਾ ਗਿਆ ਹੈ ਕਿ—

ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥ (ਪਾ: ੧੦)

ਪਤਨੀਆਂ ਨੂੰ ਆਪਣੇ ਪਤੀਆਂ ਨੂੰ ਵਸ ਕਰਨ ਲਈ ਗੁਰਬਾਣੀ ਅਗਵਾਈ ਦੇਂਦੀ ਹੈ ਕਿ—

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥੧੨੭॥ (ਪੰਨਾ ੧੩੮੪)

ਆਪਣੇ ਗ੍ਰਿਹਸਤੀ ਜੀਵਨ ਵਿਚ ਅਤੇ ਸੁਸਾਇਟੀ ਵਿਚ ਸੁਖ-ਸਾਂਦ ਵਰਤਾਉਣ ਲਈ ਸਾਹਿਬ ਫ਼ੁਰਮਾਉਂਦੇ ਹਨ—

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥ (ਪੰਨਾ ੧੮੫)

ਭਾਵ ਕਿ ਪਤਨੀ ਸੀਲ ਸੁਭਾਅ ਦੀ ਹੋਵੇ, ਘਰੋਗੀ ਖ਼ਰਚ ਬੜੇ ਸੰਜਮ ਨਾਲ (ਘਰ ਦੀ ਆਮਦਨੀ ਮੁਤਾਬਿਕ) ਕਰੇ, ਅਤੇ ਆਪਣੇ ਪਤੀ ਦੀ ਆਗਿਆ ਵਿਚ ਚਲੇ। ਅਜਿਹੀ ਇਸਤ੍ਰੀ ਦੀ ਆਤਮਾ ਨੂੰ ਫਿਰ ਕਿਸੇ ਕਿਸਮ ਦੇ ਦੁਖ-ਕਲੇਸ਼ ਆਉਣ ਦੀ ਕੋਈ ਸੰਭਾਵਨਾ ਹੀ ਨਹੀਂ ਰਹਿੰਦੀ।

ਨਿਚੋੜ ਇਹ ਨਿਕਲਦਾ ਹੈ ਕਿ ਪਤੀ ਮਿਠਬੋਲੜਾ ਹੋਵੇ, ਕਿਰਪਾਲੂ ਹੋਵੇ, ਬਖ਼ਸ਼ਿੰਦ ਹੋਵੇ, ਆਪਣੇ ਜੀਵਨ-ਸਾਥੀ ਦੇ ਔਗੁਣ ਨਾ ਚਿਤਾਰੇ ਅਤੇ ਪਿਆਰ ਦਾ ਧਾਰਨੀ ਹੋਵੇ। ਪਤੀ ਨੂੰ ਪਤਨੀ ਕਹਿੰਦੀ ਹੈ ਕਿ—

ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥੧॥ਰਹਾਉ॥ (ਪੰਨਾ ੩੭੬)

ਭਾਵ ਕਿ ਜੇ ਪਤਨੀ ਨੂੰ ਭੁਖ ਹੈ ਤਾਂ ਕੇਵਲ ਆਪਣੇ ਪਤੀ ਦੇ ਪਿਆਰ ਦੀ ਹੀ ਭੁਖ ਹੈ। ਪਤਨੀ ਆਪਣੇ ਪਤੀ ਦੀ ਆਗਿਆ ਵਿਚ ਚਲੇ, ਸੀਲ ਸੁਭਾਅ ਧਾਰਨ ਕਰੇ, ਸੰਜਮ ਨਾਲ ਚਲੇ।

ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥੨॥੧੧੮॥ (ਪੰਨਾ ੪੦੦)

ਜੇ ਪਤੀ ਪਤਨੀ ਦੋਨੋਂ ਹੀ ਉਪਰ ਦਰਸਾਸੇ ਆਪਣੇ ਫ਼ਰਜ਼ਾਂ ਪ੍ਰਤੀ ਤਤਪਰ ਰਹਿਣ ਤਾਂ ਤੇ ਫਿਰ ਅਨੰਦ ਹੀ ਅਨੰਦ ਹੈ। ਗੁਰਬਾਣੀ ਪ੍ਰਗਟ ਰੂਪ ਵਿਚ ਨਿਰਣਾ ਕਰ ਰਹੀ ਹੈ—

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥੯॥ (ਪੰਨਾ ੭੮੮)

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਮੈ ਆਪਣਾ ਗੁਰੁ ਪੂਛਿ ਦੇਖਿਆ

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, 79—ਇੰਦਰਪੁਰੀ, ਸਰਹਿੰਦ ਰੋਡ, ਪਟਿਆਲਾ]

ਜੋ ਸਿਖ ਆਪਣੇ ਗੁਰੂ ਦੀ ਆਗਿਆ ਵਿਚ ਨਹੀਂ ਤੁਰਦਾ, ਗੁਰੂ ਦੀ ਸਿਖਿਆ ਲੈ ਕੇ ਅਮਲ ਨਹੀਂ ਕਰਦਾ, ਉਹ ਆਤਮਕ ਮੰਡਲ ਵਿਚ ਕਿਵੇਂ ਕਾਮਯਾਬ ਹੋ ਸਕਦਾ ਹੈ ? ਉਸ ਨੇ ਕਾਮਯਾਬ ਤਾਂ ਕੀ ਹੋਣਾ ਹੈ, ਸਗੋਂ ਭੰਭਲ-ਭੂਸਿਆਂ ਵਿਚ ਪੈ ਕੇ ਭਟਕਦਾ ਰਹੇਗਾ। ਗੁਰੂ ਬਿਨਾਂ ਗਤਿ ਹੋ ਹੀ ਨਹੀਂ ਸਕਦੀ। ਇਸ ਭਾਵ ਦਾ ਉਲੇਖ ਇਸ ਲੇਖ ਵਿਚ ਕੀਤਾ ਗਿਆ ਹੈ। —ਸੰਪਾਦਕ

ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀ ਰਾਗ ਬਾਣੀ ਦੇ ਅਰੰਭ ਵਿਚ ਹੀ ਫੁਰਮਾਉਂਦੇ ਹਨ—

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ, ਅਵਰੁ ਨਾਹੀ ਥਾਉ ॥੧॥ਰਹਾਉ॥ (ਪੰਨਾ ੧੪)

ਸਚੇ ਪਾਤਸ਼ਾਹ ਨੇ ਭੀ ਆਪਣੇ ਗੁਰੂ ਨੂੰ ਪੁਛਣ ਤੋਂ ਬਾਅਦ ਹੀ ਸਾਡੇ ਲਈ ਇਹ ਉਪਦੇਸ਼ ਕੀਤਾ ਹੈ ਕਿ ਨਾਮ ਤੋਂ ਬਿਨਾਂ ਕਿਸੇ ਦਾ ਕਿਸੇ ਤਰ੍ਹਾਂ, ਛੁਟਕਾਰਾ ਨਹੀਂ ਹੋਣਾ। ਮੁੱਢ ਤੋਂ ਹੀ ਜ਼ੋਰ ਇਸੇ ਗੱਲ ਤੇ ਦਿਤਾ ਗਿਆ ਹੈ ਕਿ ਨਾਮ ਦੀ ਕਮਾਈ ਕਰਨ ਲਗਿਆਂ ਗੁਰੂ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਤਾਬਿਆ ਵਿਚ ਸਦਾ ਵਿਚਰਨਾ ਹੈ। ਗੁਰੂ ਪਾਤਸ਼ਾਹ ਦੇ ਹੁਕਮ ਵਿਚ ਟਿਕਣਾ ਗੁਰਮਤੀ ਕਦਰਾਂ ਦਾ ਇਕ ਅਤਿ ਜ਼ਰੂਰੀ ਪਹਿਲੂ ਹੈ।

ਸਤਿਗੁਰੂ ਜੀ ਗਉੜੀ ਗੁਆਰੇਰੀ ਦੀਆਂ ਅਸ਼ਟਪਦੀਆਂ ਵਿਚ ਇਸ ਭੇਦ ਨੂੰ ਬੜੇ ਵਿਸਥਾਰ ਨਾਲ ਖੋਲ੍ਹਦੇ ਹਨ ਕਿ—

ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥
ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ (ਪੰਨਾ ੨੨੫)

ਉਪਰੋਕਤ ਅਸ਼ਟਪਦੀ ਦੇ ਸ਼ਬਦ ਵਿਚ ਸਤਿਗੁਰੂ ਜੀ ਨੇ ਪੁਰਾਤਨ ਭਾਰਤ ਦੇ ਬੜੇ ਬੜੇ ਰਾਜਿਆਂ, ਵਿਦਵਾਨਾਂ, ਦੇਵਤਿਆਂ, ਰਾਖਸ਼ਸਾਂ ਆਦਿ ਦੇ ਵੇਰਵੇ ਦੇ ਕੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਇਹ ਸਾਰੇ ਕਿਉਂ ਖੁਆਰ ਹੋਏ। ਇਸ ਲਈ ਕਿ ਇਹ ਸਾਰੇ ਆਪਣੇ ਗੁਰੂ ਤੋਂ ਪੁਛੇ ਬਿਨਾਂ, ਗੁਰੂ ਤੋਂ ਸਲਾਹ ਜਾਂ ਸਿਖਿਆ ਲਏ ਬਿਨਾਂ ਆਪ-ਹੁਦਰੇ ਹੋ ਕੇ ਕਰਮ ਕਰਦੇ ਰਹੇ, ਜਿਸ ਕਰਕੇ ਅੰਤ ਉਹਨਾਂ ਨੂੰ ਪਛਤਾਉਣਾ ਪਿਆ :—

(ੳ) ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥੧॥
(ਅ) ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨੁ ਗੁਰ ਪੂਛੇ ਜਾਇ ਪਇਆਰੀ* ॥੨॥ *ਪਤਾਲ ਵਿਚ।
(ੲ) ਹਰੀਚੰਦ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥੩॥
(ਸ) ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥
(ਹ) ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥੧੦॥

ਗਉੜੀ ਮਹਲਾ ੧, ਪੰਨਾ ੨੨੪-੨੫

ਇਸ ਸੰਦਰਭ ਵਿਚ ਸਤਿਗੁਰੂ ਜੀ ਅਗੇ ਚਲ ਕੇ ਪੰਨਾ ੨੨੭ ਤੇ ਇਹ ਸਿਧਾਂਤ ਦ੍ਰਿੜ੍ਹ ਕਰਾਉਂਦੇ ਹਨ ਕਿ ਅਸੀਂ ਭੀ ਗੁਰੂ ਧਾਰਨ ਕੀਤਾ, ਤਾਂ ਸੱਚ ਦੀ ਸੋਝੀ ਹੋਈ—

ਸਤਿਗੁਰੁ ਦੇਖਿਆ, ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥੧੫॥ (ਗਉੜੀ ਮ: ੧, ਪੰਨਾ ੨੨੭)

ਆਸਾ ਕੀ ਵਾਰ ਮ: ੧ ਵਿਚ ਸਤਿਗੁਰੂ ਜੀ ਨੇ ਸੱਚ ਦੀ ਪ੍ਰਾਪਤੀ ਲਈ ਜਤਨ ਕਰਨ ਵਾਲਿਆਂ ਦੇ ਮਿਆਰ



www.AKJ.Org

ਬੱਧੇ ਹਨ। ਇਹਨਾਂ ਵਿਚ ਇਕ ਮੀਲ-ਪੱਥਰ ਇਹ ਭੀ ਹੈ ਕਿ ਸਤਿਗੁਰੂ ਨੂੰ ਪੁਛ ਕੇ ਹੀ ਆਤਮਕ ਮਾਰਗ ਤੇ ਚਲਣਾ ਹੁੰਦਾ ਹੈ–

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥......
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥ .....
ਸਚੁ ਤਾਂ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨ ਦਾਨੁ ਕਰੇਇ॥
ਸਚੁ ਤਾ ਪਰੁ ਜਾਣੀਐ ਜਾ ਆਤਮ-ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥੨॥੧੦॥ (ਪੰਨਾ ੪੬੮)

ਜੋ ਆਤਮ-ਤੀਰਥ ਉਤੇ ਨਿਵਾਸ ਕਰਨ ਦਾ ਅਭਿਲਾਖੀ ਹੈ, ਉਹ ਆਤਮ-ਤੀਰਥ ਦੇ ਸਰਬ-ਉਚ ਅਧਿਕਾਰੀ, ਸਤਿਗੁਰੂ ਸੱਚੇ ਪਾਤਸ਼ਾਹ ਦੀ ਦੀਖਿਆ ਸਿਖਿਆ ਲਏ ਬਿਨਾਂ ਕਿਵੇਂ ਉਸ ਅਸਥਾਨ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ?

ਮਨਮੁਖ ਮੁਹਿ ਮੈਲੈ, ਸਬਦੁ ਨ ਜਾਣਨੀ, ਕਾਮ ਕਰੋਧਿ ਵਿਣਾਸੁ॥
ਸਤਿਗੁਰ ਕਾ ਭਉ ਛੋਡਿਆ, ਮਨ-ਹਠਿ ਕੰਮੁ ਨ ਆਵੈ ਰਾਸਿ॥੨॥੩॥
ਮ: ੩, ਵਡਹੰਸ ਕੀ ਵਾਰ, ਪੰਨਾ ੫੮੬

ਆਪ-ਹੁਦਰੇ ਪੱਛਮੀ ਵਿਦਿਆ ਦੇ ਚੁੰਧਿਆਏ ਲੋਕ ਸਤਿਗੁਰੂ ਦੇ ਭਉ ਨੂੰ ਹੌਲੀ ਹੌਲੀ ਛਡਦੇ ਜਾਂਦੇ ਹਨ। ਉਹ ਇਹੋ ਕਹਿੰਦੇ ਸੁਣੀਦੇ ਹਨ ਕਿ ਅੰਮ੍ਰਿਤ ਛਕਣ ਦੀ ਤੇ ਗੁਰੂ ਵਾਲੇ ਬਣਨ ਦੀ ਕੀ ਲੋੜ ਹੈ, ਮਨ ਸਾਫ਼ ਚਾਹੀਦਾ ਹੈ। ਉਹ ਆਪਣੇ ਆਪ ਨੂੰ ਆਜ਼ਾਦ-ਖ਼ਿਆਲੀਏ ਅਖਵਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ, ਗੁਰੂ ਦੀ ਭੈ-ਭਾਵਨੀ ਵਿਚ ਪੈਣ ਨੂੰ ਉਹ ਵਾਧੂ ਦੀ ਬੰਦਸ਼ ਕਹਿੰਦੇ ਹਨ ਤੇ ਲੋਕਾਂ ਨੂੰ ਅਤੇ ਆਪਣੇ ਮਿੱਤਰਾਂ ਨੂੰ ਇਸ ਸਿਦਕ ਵਾਲੀ ਮਿੱਠੀ ਬੰਦਸ਼ ਵਿਚ ਪੈਣ ਤੋਂ ਰੋਕਦੇ ਹਨ। ਉਹਨਾਂ ਲੋਕਾਂ ਲਈ ਸਤਿਗੁਰੂ ਜੀ ਉਪਰ ਸੰਕੇਤ ਦੇ ਰਹੇ ਹਨ ਕਿ ਉਹਨਾਂ ਦੇ ਇਸ ਮਨ-ਹੱਠ ਨੂੰ ਕਦੇ ਫਲ ਨਹੀਂ ਲਗ ਸਕਦੇ। ਮਾਇਆ ਦੇ ਮੋਹ ਵਿਚ ਫਸਣ ਕਰਕੇ ਉਨ੍ਹਾਂ ਦੀ ਮੱਤ ਮੈਲੀ ਹੋਈ ਹੁੰਦੀ ਹੈ। ਇਸ ਲਈ ਉਹਨਾਂ ਨੂੰ ਅੰਮ੍ਰਿਤ-ਮਈ ਸ਼ਬਦ ਦੀ ਕੋਈ ਸੋਝੀ ਨਹੀਂ ਹੁੰਦੀ। ਉਹਨਾਂ ਦਾ ਜੀਵਨ ਪਸ਼ੂ-ਪੱਧਰ ਤੇ ਹੀ ਕਾਮ-ਕ੍ਰੋਧ ਵਿਚ ਬਤੀਤ ਹੋ ਕੇ ਖ਼ਤਮ ਹੋ ਜਾਂਦਾ ਹੈ। ਇਸੇ ਵਿਚਾਰ ਨੂੰ ਸਤਿਗੁਰੂ ਜੀ ਨੇ ਗਉੜੀ ਪੂਰਬੀ ਛੰਤ ਮ: ੧ ਵਿਚ ਬੜੇ ਮਿੱਠੇ ਸ਼ਬਦਾਂ ਰਾਹੀਂ ਪਰਗਟ ਕੀਤਾ ਹੈ:–

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ॥
ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ॥
ਸਬਦੁ ਸਾਚਾ ਗੁਰਿ ਦਿਖਾਇਆ, ਮਨਮੁਖੀ ਪਛੁਤਾਣੀਆ॥
ਨਿਕਸਿ ਜਾਤਉ, ਰਹੈ ਅਸਥਿਰੁ, ਜਾਮਿ ਸਚੁ ਪਛਾਣਿਆ॥੩॥ (ਪੰਨਾ ੨੪੨)

ਗੁਰੂ ਤੋਂ ਪੁਛ ਕੇ ਕੀ ਲਿਖਣਾ ਹੈ? ਉਤਰ ਹੈ 'ਸਬਦੁ'–ਗੁਰਮੰਤਰ–ਵਾਹਿਗੁਰੂ ਵਾਹਿਗੁਰੂ ਵਿਚ ਜੁਟ ਜਾਣਾ ਹੈ। ਜੋ ਗੁਰੂ ਦੇ ਦਸੇ ਸ਼ਬਦ ਤੋਂ ਅਵੇਸਲੇ ਰਹੇ, ਉਹ ਮਨਮੁਖ ਬਣੇ ਰਹੇ ਤੇ ਅੰਤ ਬੜੇ ਪਛੁਤਾਏ। ਜਿਨ੍ਹਾਂ ਨੇ ਸਨਮੁਖ ਹੋ ਕੇ ਸ਼ਬਦ ਦੀ ਅਤੁਟ ਕਮਾਈ ਕੀਤੀ, ਉਹਨਾਂ ਦਾ ਮਨ, ਜੋ ਅਗੇ ਦੌੜ ਦੌੜ ਜਾਂਦਾ ਸੀ, ਹੁਣ ਜਦੋਂ ਦਾ ਸੱਚ ਵਿਚ ਟਿਕਿਆ ਹੈ, ਅਸਥਿਰ ਹੋ ਜਾਂਦਾ ਹੈ।


## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ, ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ





www.AKJ.Org

# ਰਾਖਿ ਲੇਹੁ ਹਮ ਤੇ ਬਿਗਰੀ

ਫਰੀਦਾ ਕੂਕੇਦਿਆ ਚਾਂਗੇਦਿਆਂ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥ [ਪੰਨਾ ੧੩੭੮]

ਗੁਰਬਾਣੀ ਤਾਂ ਨਿਤ ਪੁਕਾਰ ਪੁਕਾਰ ਕੇ ਸਭ ਨੂੰ ਗੁਰਮਤੀ ਮਾਰਗ ਤੇ ਚਲਣ ਲਈ ਮਤਾਂ ਦੇਂਦੀ ਹੈ, ਪਰ ਬਾਬਾ ਫ਼ਰੀਦ ਜੀ ਦੇ ਉਪਰੋਕਤ ਕਥਨ ਅਨੁਸਾਰ ਸ਼ੈਤਾਨ (ਮਾਇਆ ਅਤੇ ਉਸ ਦੇ ਪੰਜ ਦੂਤਾਂ ਕਾਮ-ਕਰੋਧ-ਲੋਭ-ਮੋਹ-ਅਹੰਕਾਰ) ਨੇ ਜਿਨ੍ਹਾਂ ਦੀ ਮਤ ਮਾਰੀ ਹੋਈ ਹੈ, ਉਹ ਕਿਵੇਂ ਇਸ ਪਾਸੇ ਤੋਂ ਆਪਣੇ ਚਿਤ ਮੋੜ ਸਕਦੇ ਹਨ। ਮਾਇਆ-ਜਾਲ ਵਿਚ ਫਸੇ ਹੋਏ ਜੀਵ ਅਗਿਆਨਤਾ ਕਾਰਨ ਅੰਨ੍ਹੇ ਹੋਏ ਪਏ ਹਨ, ਉਨ੍ਹਾਂ ਦੇ ਹਿਰਦੇ ਵਿਚ ਸਤਿਗੁਰੂ ਦੀ ਕੋਈ ਸਿਖਿਆ ਪੋਂਹਦੀ ਹੀ ਨਹੀਂ। ਬਾਂਸ ਦੀ ਥੋਥੀ ਨਲੀ ਵਿਚ ਮਾਰੀ ਫੂਕ ਵਾਂਗ ਇਕ ਕੰਨੋਂ ਸੁਣਦੇ ਤੇ ਦੂਜੇ ਕੰਨੋਂ ਬਾਹਰ ਕਢ ਸੁਟਦੇ ਹਨ।

"ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ" ਦੇ ਮਹਾਂ ਵਾਕ ਅਨੁਸਾਰ ਮਾਇਆਧਾਰੀ ਲੋਕ ਥੋੜੀ ਜਿਹੀ ਪਦ-ਪਦਵੀ ਪ੍ਰਾਪਤ ਕਰਕੇ ਭੁਲ ਜਾਂਦੇ ਹਨ ਕਿ ਸਤਿਗੁਰਾਂ ਨੇ ਤਾਂ ਸਿਖ ਨੂੰ ਉਪਦੇਸ਼ ਦਿਤਾ ਹੈ–

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਇਹ ਗਲ ਸਾਰੀ ॥੧॥ (ਪੰਨਾ ੬੨੮)

ਪੂਰੇ ਸਤਿਗੁਰੂ ਨੇ ਤਾਂ ਇਹ ਗੱਲ ਸਮਝਾਈ ਹੈ ਕਿ ਗਰੀਬੀ, ਹਲੀਮੀ, ਨਿਰਮਾਣਤਾ ਅਤੇ ਸਭਨਾਂ ਦੇ ਚਰਨਾਂ ਦੀ ਧੂੜ ਬਣੇ ਰਹਿਣਾ ਹੀ ਐਸੀ ਗੁਰਜ ਹੈ ਅਤੇ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਐਸਾ ਖੰਡਾ ਹੈ ਜਿਸ ਅਗੇ ਕੋਈ ਵਿਕਾਰੀ ਪਾਪੀ ਠਹਿਰ ਨਹੀਂ ਸਕਦਾ। ਪਰ ਅਸਾਂ ਨੇ ਕਿਸੇ ਦੀ ਰੇਣ ਕੀ ਹੋਣਾ ਹੈ, ਅਸੀਂ ਤਾਂ ਐਵੇਂ ਹੀ ਹਉਮੈ ਵਿਚ ਆਫਰੇ ਫਿਰਦੇ ਹਾਂ। ਲੋਕਾਈ ਦੀ ਵਾਹਵਾ ਲੈਣ ਲਈ ਅਤੇ ਝੂਠਾ ਜਸ ਖਟਣ ਲਈ ਕਿਤੇ ਸੰਤ ਬਣ ਬਹਿੰਦੇ ਹਾਂ ਕਿਤੇ ਮਹੰਤ, ਅਤੇ ਫਿਰ ਇਸ ਤੋਂ ਵੀ ਅਗੇ ਵਧ ਕੇ ਨਾਮ ਦੇ ਦਾਤੇ ਵੀ ਆਪਣੇ ਆਪ ਨੂੰ ਸਮਝਣ ਲਗ ਪੈਂਦੇ ਹਾਂ। ਇਉਂ ਹੌਲੀ ਹੌਲੀ ਵਖਰੇ ਡੇਰੇ ਬਣ ਕੇ ਗੁਰੂ-ਡੰਮ ਦੇ ਨਵੇਂ ਤੋਂ ਨਵੇਂ ਅਡੇ ਬਣੀ ਜਾਂਦੇ ਹਨ। ਇਨ੍ਹਾਂ ਗੁਰੂ-ਡੰਮ ਦੇ ਅੱਡਿਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੀ ਹੁੰਦੇ ਹਨ, ਪਰ ਸੱਚੇ ਗੁਰਦੇਵ ਨਾਮ ਦੇ ਦਾਤੇ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਸੁੰਦਿਆਂ ਇਨ੍ਹਾਂ ਡੇਰਿਆਂ ਦੇ ਸੰਤ-ਮਹੰਤ ਆਪਣੀ ਪੂਜਾ ਪ੍ਰਤਿਸ਼ਟਾ ਕਰਾਉਣ ਲਗ ਜਾਂਦੇ ਹਨ। ਅਗਿਆਨ ਵਿਚ ਅੰਨ੍ਹੇ ਹੋਏ ਲੋਕੀ ਸੱਚੇ ਗੁਰਦੇਵ ਨੂੰ ਤਾਂ ਐਵੇਂ ਨਾਮ ਮਾਤਰ ਹੀ ਨਮਸਕਾਰ ਕਰਦੇ ਹਨ ਅਤੇ ਇਨ੍ਹਾਂ ਅਖੌਤੀ ਸੰਤਾਂ-ਮਹੰਤਾਂ ਦੇ ਭਰਮ-ਭੁਲੇਖਿਆਂ ਦੇ ਜਾਲ ਵਿਚ ਫਸ ਕੇ, ਇਨ੍ਹਾਂ ਦੇ ਖੁਰੜਿਆਂ ਤੇ ਡਿਗ ਕੇ ਲਿਲੜੀਆਂ ਕਢਦੇ ਫਿਰਦੇ ਹਨ, ਜਿਵੇਂ ਮੁਕਤੀ ਦੇ ਦਰ ਇਨ੍ਹਾਂ ਪਖੰਡੀ ਸਾਧਾਂ ਨੇ ਹੀ ਖੋਲ੍ਹ ਦੇਣੇ ਹੁੰਦੇ ਹਨ। ਸਤਿਗੁਰਾਂ ਦੀ ਹੀਨ-ਹਯਾਤੀ ਵਿਚ ਬੜੀ ਕਰਣੀ ਵਾਲੇ ਅਤੇ ਉਚੀ ਸੁਚੀ ਕਮਾਈ ਵਾਲੇ ਗੁਰਸਿਖ ਹੋਏ ਹਨ, ਪਰ ਕਿਸੇ ਨੇ ਵੀ ਆਪਣੇ ਆਪ ਨੂੰ 'ਸੰਤ' ਨਹੀਂ ਸੀ ਕਹਾਇਆ। ਇਸ ਤੋਂ ਉਲਟ ਅੱਜ ਜਿਧਰ ਵੇਖੋ ਉਧਰ ਹੀ 'ਸੰਤ' ਭਜੇ ਫਿਰਦੇ ਨਜ਼ਰ ਆਉਂਦੇ ਹਨ। ਗੁਰੂ ਕਾ ਸਿਖ ਕੋਈ ਵਿਰਲਾ (ਘਟ) ਹੀ ਦਿਸਦਾ ਹੈ।

ਇਨ੍ਹਾਂ ਸੰਤਾਂ, ਮਹੰਤਾਂ ਅਤੇ ਨਾਮ ਦੇ ਦਾਤੇ ਡੰਮੀ ਗੁਰੂਆਂ ਵਾਂਗ ਹੀ ਅੱਜ ਸਿਖ ਕੌਮ ਵਿਚ ਜਫੇ ਮਾਰਨ ਵਾਲੇ ਚੌਧਰੀਆਂ ਤੇ ਲੀਡਰਾਂ ਦੀਆਂ ਵੀ ਕਤਾਰਾਂ ਹੀ ਲਗੀਆਂ ਹੋਈਆਂ ਹਨ। ਅਤੇ ਹਰ ਕੋਈ "ਘਾਟਿ ਨ ਕਿਨ ਹੀ ਕਹਾਇਆ" ਦੇ ਫ਼ੁਰਮਾਨ ਅਨੁਸਾਰ ਆਪਣੇ ਸਮਾਨ ਹੋਰ ਕਿਸੇ ਨੂੰ ਸਮਝਦਾ ਹੀ ਨਹੀਂ। ਹਰੇਕ ਚੌਧਰੀ ਇਹੋ ਫੜ ਮਾਰਦਾ ਫਿਰਦਾ ਹੈ ਕਿ ਕੌਮ ਨੂੰ ਸਹੀ ਰਹਿਨੁਮਾਈ ਕੇਵਲ ਓਹੋ ਹੀ ਦੇ ਸਕਦਾ ਹੈ। ਉਹ ਦੂਸਰਿਆਂ ਨੂੰ ਕੁਝ ਬਿਦਦਾ ਹੀ ਨਹੀਂ। ਸਗੋਂ ਇਸ ਤੋਂ ਉਲਟ ਹਰੇਕ ਦੀ ਇਹੋ ਕੋਸ਼ਸ਼ ਹੈ ਕਿ ਜਿਵੇਂ ਵੀ ਕੋਈ ਚੰਗਾ ਮੰਦਾ ਪੈਂਤੜਾ ਅਖ਼ਤਿਆਰ ਕਰਨਾ ਪਵੇ, ਦੂਜੇ ਧੜੇ ਦੇ ਚੌਧਰੀਆਂ ਨੂੰ ਨੀਚਾ ਦਿਖਾਣਾ ਹੈ, ਅਥਵਾ ਬਦਨਾਮ ਕਰਨਾ ਹੈ। ਮਤ-ਭੇਦ



www.AKJ.Org

ਵਧਦੇ ਵਧਦੇ ਵੈਰ-ਵਿਰੋਧ ਬਣ ਕੇ ਰਹਿ ਗਏ ਹਨ।

ਗੱਲ ਸਾਫ਼ ਹੈ ਕਿ ਇਥੇ ਗਰੀਬੀ ਅਤੇ ਸਾਰਿਆਂ ਦੇ ਚਰਨਾਂ ਦੀ ਧੂੜ ਹੋਣ ਦੀ ਸਪਿਰਿਟ ਹੈ ਹੀ ਨਹੀਂ। ਇਥੇ ਹਉਮੈ ਹੈ, ਹੰਕਾਰ ਹੈ, ਮੈਂ-ਮੇਰੀ ਹੈ। ਹਉਮੈ ਤੇ ਮੈਂ-ਮੇਰੀ ਕਾਰਨ ਖ਼ੁਦਗਰਜ਼ੀ ਨੇ ਡੇਰਾ ਆ ਜਮਾਇਆ ਹੈ। ਖ਼ੁਦਗਰਜ਼ੀ ਕਾਰਨ ਆਪਾ-ਧਾਪੀ ਆਉਣੀ ਹੀ ਹੋਈ। ਆਪਾ-ਧਾਪੀ ਵਿਚ ਯੋਗ-ਅਯੋਗ ਅਤੇ ਲੁਟ ਘਸੁਟ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਜਾਂਦਾ। ਆਪਾ-ਧਾਪੀ ਵਿਚ ਗੁਰੂ ਕੀ ਗੋਲਕ ਦੀ ਅਯੋਗ ਵਰਤੋਂ ਹੋਣ ਲਗ ਪੈਣੀ ਕੁਦਰਤੀ ਗੱਲ ਹੈ। ਜਦੋਂ ਕੌਮ ਅਜਿਹੇ ਖ਼ੁਦਗਰਜ਼, ਕਪਟੀ, ਕੂੜ-ਕੁਸੱਤ ਬੋਲਣ ਵਾਲੇ ਅਤੇ ਵੈਰ-ਵਿਰੋਧ ਦੇ ਭਰੇ ਹੋਏ ਲੀਡਰਾਂ ਦੇ ਰਹਿਮ ਤੇ ਹੋ ਜਾਵੇ ਤਾਂ ਫਿਰ ਕੌਮ ਦਾ ਰੱਬ ਹੀ ਰਾਖਾ !!

ਸਿਖ ਮਿਸਲਾਂ ਅਤੇ ਦਲ ਖਾਲਸਾ ਵੇਲੇ ਜਦ ਵੀ ਕੌਮ ਤੇ ਭੀੜਾ ਬਣਦੀ ਜਾਂ ਕੋਈ ਮਤ-ਭੇਦਾਂ ਦੀ ਵਿਖੇਪਤਾ ਹੁੰਦੀ ਤਾਂ ਸਰਬੱਤ ਖਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕੱਤ੍ਰ ਹੁੰਦਾ। ਇਥੇ ਸਰਬੱਤ ਸਿੰਘਾਂ ਦੀ ਸੰਮਤੀ ਨਾਲ 'ਗੁਰਮਤਾ' ਹੁੰਦਾ ਅਤੇ ਕੋਈ ਵੀ ਐਸਾ ਮਤਾ ਨਾ ਪਕਦਾ, ਜਿਸ ਨਾਲ ਹਰੇਕ ਦੀ ਸੰਮਤੀ ਨਾ ਹੁੰਦੀ। ਹਰੇਕ ਸਿੰਘ ਇਸ ਪਵਿਤਰ ਅਸਥਾਨ ਤੇ ਪੁਜ ਕੇ ਆਪਣੀ ਹੋਂਦ ਤੇ ਨਿਜ-ਸੁਆਰਥ ਨੂੰ ਛਡ ਦਿੰਦਾ। ਆਪਣੇ ਸੁਆਰਥ ਅਤੇ ਨਿਜ-ਮਤੇ ਨੂੰ ਛਡੇ ਬਿਨਾਂ ਕੋਈ 'ਗੁਰਮਤਾ' ਹੋ ਹੀ ਨਹੀਂ ਸਕਦਾ। ਸਰਬੱਤ ਦੀ ਸੰਮਤੀ ਹੋਣੀ ਜ਼ਰੂਰੀ ਹੈ।

ਸੋ ਅੱਜ ਵੀ ਕੌਮ ਦੀ ਵਿਗੜੀ ਸਵਾਰਨ ਲਈ ਪੰਥ ਦੀਆਂ ਸਮੂਹ ਜਥੇਬੰਦੀਆਂ ਨੂੰ ਇਕੱਤ੍ਰ ਕਰਨ ਦੀ ਲੋੜ ਹੈ। ਸਾਰੀਆਂ ਜਥੇਬੰਦੀਆਂ ਦੀ ਇਕ-ਸੰਮਤੀ ਹਰੇਕ ਮਾਮਲੇ ਤੇ ਹੋਣੀ ਲਾਜ਼ਮੀ ਹੈ। ਕੋਈ ਵੀ ਐਸੀ ਗੱਲ ਨਹੀਂ ਹੋਣੀ ਚਾਹੀਦੀ, ਜੋ ਸਮੂਹ ਨੂੰ ਪਰਵਾਨ ਨਾ ਹੋਵੇ। ਰਲ ਮਿਲ ਕੇ ਸਾਰਿਆਂ ਦੇ ਵਿਚਾਰ-ਵਟਾਂਦਰੇ ਨਾਲ ਅਤੇ ਸਾਰਿਆਂ ਦੀ ਰਜ਼ਾਮੰਦੀ ਨਾਲ ਹੀ ਕੋਈ ਫ਼ੈਸਲਾ ਕਰਨਾ ਬਣਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਗਰੀਬੀ ਧਾਰਨ ਕਰੀਏ, ਦੂਜਿਆਂ ਨੂੰ ਆਪਣੀ ਚਰਨ-ਧੂੜ ਨਾ ਸਮਝੀਏ ਸਗੋਂ ਆਪਣੇ ਆਪ ਨੂੰ ਸਭਨਾਂ ਦੇ ਚਰਨਾਂ ਦੀ ਧੂੜ ਸਮਝੀਏ, ਆਪਣੀ ਹਉਮੈ ਗਵਾਈਏ, ਆਪਣਾ ਵਕਾਰ ਗਵਾ ਕੇ ਸਮੁਚੀ ਕੌਮ ਦੇ ਵਕਾਰ ਨੂੰ ਕਾਇਮ ਕਰਨ ਦਾ ਮਨ ਬਣਾਈਏ। ਆਪਣੀਆਂ ਚੌਧਰਾਂ ਸਮੁਚੇ ਪੰਥ ਦੇ ਚਰਨਾਂ ਵਿਚ ਭੇਟ ਕਰ ਦੇਈਏ, ਅਤੇ ਆਪਣੇ ਆਪ ਨੂੰ 'ਸਭ ਕੁਝ' ਨਾ ਸਮਝੀਏ, ਸਗੋਂ ਆਪਣੇ ਆਪ ਨੂੰ ਖਾਲਸਾ ਪੰਥ ਦਾ ਨਿਰਮਾਣ ਸੇਵਕ ਜਾਣੀਏ। ਸਮੁਚਾ ਪੰਥ ਜਿਨ੍ਹਾਂ ਗੁਰਮੁਖਾਂ ਨੂੰ ਪੂਰਨ ਸੰਮਤੀ ਨਾਲ ਮੁਖੀ ਸੇਵਾਦਾਰ ਥਾਪੇ, ਉਨ੍ਹਾਂ ਦੇ ਹਰ ਕਰਤੱਵ ਨਾਲ ਪੂਰਨ ਸਹਿਯੋਗ ਦੇਈਏ ਅਤੇ ਫਿਰ ਉਨ੍ਹਾਂ ਤੇ ਉਂਗਲਾਂ ਨਾ ਕਰੀਏ, ਨਾ ਹੀ ਕਿਸੇ ਤਰ੍ਹਾਂ ਦੀ ਟੋਕਾ-ਟਾਕੀ ਕਰੀਏ। ਜੇ ਕੋਈ ਮਤ-ਭੇਦ ਜਾਪਦਾ ਹੋਵੇ ਤਾਂ ਪੂਰਨ ਪਿਆਰ-ਸਤਿਕਾਰ ਨਾਲ ਇਕ ਦੂਜੇ ਦੇ ਨੇੜੇ ਹੋ ਕੇ, ਉਸ ਨੂੰ ਦੂਰ ਕਰ ਲਿਆ ਜਾਵੇ। ਇਕ ਦੂਜੇ ਦੇ ਬਰਖਿਲਾਫ਼ ਭੰਡੀ-ਪਰਚਾਰ ਕਰਨਾ ਗੁਰਸਿੱਖੀ ਨਹੀਂ ਸਿਖਾਂਦੀ, ਇਹ ਸਾਰਾ ਕੁਝ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਸਤਿਗੁਰੂ ਦੇ ਸੱਚੇ ਸੇਵਕ ਬਣੀਏ ਅਤੇ ਉਸ ਦੇ ਹੁਕਮਾਂ ਨੂੰ ਮਨੋਂ ਚਿਤੋਂ ਸੱਤ ਕਰਕੇ ਮੰਨੀਏ। ਗੁਰੂ-ਹੁਕਮ ਹੈ—

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ ..੨॥੧੮॥ (੨੮੬)

ਗੁਰੂ ਕੇ ਸੇਵਕ-ਸਿਖ ਲਈ, ਗੁਰੂ ਕੀ ਆਗਿਆ ਹੈ ਕਿ ਉਹ ਆਪਣੇ ਆਪ ਨੂੰ ਕੁਝ ਨਾ ਸਮਝੇ ਅਤੇ ਉਠਦਿਆਂ ਬਹਿੰਦਿਆਂ ਸਦੀਵਕਾਲ ਨਾਮ ਧਿਆਇਦਿਆਂ, ਆਪਣਾ ਮਨ, ਆਪਣੀ ਸੋਚਣੀ ਸਤਿਗੁਰੂ ਦੇ ਹਵਾਲੇ ਕਰ ਦੇਵੇ, ਉਹ ਨਿਸ਼ਕਾਮ ਹੋ ਕੇ ਸੇਵਾ ਕਰੇ, ਸੇਵਾ ਬਦਲੇ ਕਿਸੇ ਦੁਨਿਆਵੀ ਪ੍ਰਾਪਤੀ ਦੀ ਇੱਛਾ ਨਾ ਰਖੇ। ਕੇਵਲ ਨਿਸ਼ਕਾਮ ਸੇਵਕ ਹੀ ਸੁਆਮੀ-ਪ੍ਰੀਤਮ ਦੀ ਖ਼ੁਸ਼ੀ ਨੂੰ ਪ੍ਰਾਪਤ ਕਰ ਸਕਦਾ ਹੈ। ਨਿਸ਼ਕਾਮ ਸੇਵਕ ਤਾਂ ਹੀ ਬਣ ਸਕੀਦਾ ਹੈ ਜੇ "ਹਰਿ ਹਰਿ ਨਾਮੁ ਰਿਦੈ ਸਦ ਧਿਆਵੈ" ਦਾ ਧਾਰਨੀ ਬਣਿਆ ਜਾਏ। ਸਦਾ ਨਾਮ ਧਿਆਉਣ ਦੀ



www.AKJ.Org

ਗੱਲ ਓਦੋਂ ਹੀ ਬਣੇਗੀ ਜਦੋਂ ਸਤਿਗੁਰੂ ਜੀ ਦੇ ਇਸ ਉਪਦੇਸ਼ ਨੂੰ ਗ੍ਰਹਿਣ ਕਰਾਂਗੇ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ...੨॥੧੧॥(੩੦੫)

ਗੁਰੂ ਕੇ ਸਿਖ ਲਈ ਹੁਕਮ ਹੈ ਕਿ ਉਹ ਨਿਤ 'ਭਲਕੇ ਪਰਭਾਤੀ', ਨਿਤ ਅੰਮ੍ਰਿਤ ਵੇਲੇ ਉਠੇ, ਇਸ਼ਨਾਨ ਕਰੇ ਅਤੇ ਨਾਮ ਦੇ ਅੰਮ੍ਰਿਤ-ਸਰੋਵਰ ਵਿਚ ਚੁਭੇ ਲਾਵੇ, ਗੁਰੂ ਦੇ ਬਖਸ਼ੇ ਹੋਏ ਉਪਦੇਸ਼ ਦੁਆਰਾ, ਪੰਜਾਂ ਪਿਆਰਿਆਂ ਦੁਆਰਾ ਦ੍ਰਿੜ੍ਹਾਏ ਗਏ ਗੁਰਮੰਤਰ ਦਾ, ਗੁਰੂ ਉਪਦੇਸ਼ ਦਾ ਜਾਪ ਕਰੇ, ਫਿਰ ਜਦੋਂ ਦਿਨ ਚੜ੍ਹੇ, ਉਦੋਂ ਤਕ ਗੁਰਬਾਣੀ ਉਚਾਰਨ ਕਰੇ ਅਤੇ ਸਾਰਾ ਦਿਨ ਬਹਿੰਦਿਆਂ ਉਠਦਿਆਂ ਹਰੀ ਨਾਮ ਨੂੰ, ਗੁਰੂ-ਬਖ਼ਸ਼ੇ ਨਾਮ ਨੂੰ ਧਿਆਉਂਦਾ ਰਹੇ।

ਗੁਰਬਾਣੀ ਦੇ ਉਪਰੋਕਤ ਹੁਕਮਾਂ ਨੂੰ ਅਸੀਂ ਕਿਥੋਂ ਤਾਈਂ ਮੰਨਦੇ ਹਾਂ ? ਆਪੋ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ। ਹੁਕਮ ਤਾਂ ਹੀ 'ਸਤਿ' 'ਸਤਿ' ਕਰ ਕੇ ਮੰਨੇ ਜਾ ਸਕਦੇ ਹਨ ਜੇ ਅਸੀਂ ਸਤਿਗੁਰੂ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਰਤੱਖ ਸਤਿਗੁਰੂ ਜਾਣੀਏ। ਸਾਡੀਆਂ ਅੱਖਾਂ ਨੂੰ ਸਤਿਗੁਰੂ ਜੀ ਹਾਜ਼ਰਾ ਹਜ਼ੂਰ ਤੇ ਜ਼ਾਹਰਾ ਜ਼ਹੂਰ ਨਜ਼ਰੀ ਆਉਣ। ਸ਼ਰਧਾਵਾਨ ਪ੍ਰੀਤਵਾਨਾਂ ਨੂੰ ਹੀ "ਵਾਹੁ ਵਾਹੁ ਬਾਣੀ ਨਿਰੰਕਾਰ ਹੈ" (੫੧੫) ਪਰਤਖਿ ਦਿਸ ਆਉਂਦੀ ਹੈ ਅਤੇ ਸੱਚੇ ਸ਼ਰਧਾਲੂ ਗੁਰਸਿੱਖਾਂ ਨੂੰ ਹੀ "ਇਸੁ ਬਾਣੀ ਤੇ ਹਰਿ ਨਾਮੁ ਪਾਇਦਾ" (੧੦੬੬)। ਗੁਰਬਾਣੀ ਤੋਂ ਨਾਮ ਦਾ ਖੇੜਾ ਖਿੜਦਾ ਹੈ, ਨਾਮ ਵਿਚ ਚਿਤ ਜੁੜਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਸਿਖ ਲਈ ਸਪੱਸ਼ਟ ਹੁਕਮ ਹੈ–

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥ (੭੯੭)

ਆਪਣੇ ਜੀਅਹੁ, ਆਪਣੇ ਅੰਦਰਲੇ ਹਿਰਦੇ ਤੋਂ ਬਾਣੀ ਨੂੰ 'ਗੁਰੂ ਕੀ ਬਾਣੀ' ਜਾਣੀਏ। ਗੁਰੂ ਕੀ ਬਾਣੀ ਜਾਣ ਕੇ, ਉਸ ਦਾ ਅਦਬ ਸਤਿਕਾਰ ਇਸ ਨੂੰ ਪਰਤਖ ਸਤਿਗੁਰੂ ਜਾਣ ਕੇ ਕਰੀਏ। ਸਤਿਗੁਰੂ ਤੋਂ ਵਡਾ ਹੋਰ ਕੋਈ ਮਹਾਂ ਪੁਰਖ ਨਹੀਂ। ਪਰ ਅਸੀਂ ਹੱਡ-ਮਾਸ-ਚੰਮ ਦੇ ਤੁਰਦੇ ਫਿਰਦੇ ਸਰੀਰਾਂ ਨੂੰ ਤਾਂ ਮਹਾਨ ਪੁਰਖ ਗਰਦਾਨਦੇ ਹਾਂ ਅਤੇ ਉਨ੍ਹਾਂ ਦੇ ਬਚਨਾਂ ਨੂੰ ਸਤ ਸਤ ਕਰ ਮੰਨਣਾ ਜ਼ਰੂਰੀ ਜਾਣਦੇ ਹਾਂ। ਗੁਰਬਾਣੀ ਦੇ ਹੁਕਮਾਂ ਨੂੰ ਮੰਨਣਾ ਤੇ ਉਨ੍ਹਾਂ ਦਾ ਪੂਰਨ ਸਤਿਕਾਰ ਕਰਨਾ ਸਾਨੂੰ ਭੁਲ ਜਾਂਦਾ ਹੈ। ਅਸੀਂ ਪਰਤੱਖ ਹੁੰਦੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੂੜ ਕੁਸੱਤ ਬੋਲਦੇ ਅਤੇ ਇਕ ਦੂਜੇ ਦੀ ਨਿਰਾਦਰੀ ਕਰਦੇ ਹਾਂ, ਕਈ ਵਾਰ ਗਾਲ੍ਹੀ-ਗਲੋਚ ਕਰਦੇ ਅਤੇ ਹਥੋ-ਪਾਈ ਤਕ ਕਰਨੋਂ ਵੀ ਗੁਰੇਜ਼ ਨਹੀਂ ਕਰਦੇ। ਪਰ ਦੇਹਧਾਰੀ ਮਹਾਂ-ਪੁਰਸ਼ਾਂ ਦੇ ਸਾਹਮਣੇ ਉਚੀ ਉਭਾਸਰਦੇ ਭੀ ਨਹੀਂ। ਸਪੱਸ਼ਟ ਹੈ ਕਿ ਅਸੀਂ ਸਤਿਗੁਰੂ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਨੂੰ 'ਮਹਾਂ ਪੁਰਸ਼' ਨਹੀਂ ਸਮਝਦੇ, ਸਤਿਗੁਰੂ ਨੂੰ ਪਰਤੱਖ ਤੌਰ ਤੇ ਹਾਜ਼ਰ ਨਾਜ਼ਰ ਨਹੀਂ ਜਾਣਦੇ। ਦੇਹਧਾਰੀ ਮਹਾਂ ਪੁਰਸ਼ਾਂ ਦੇ ਆਉ-ਭਗਤ ਵਿਚ ਸਾਰਾ ਪਰਵਾਰ ਨਸਾ ਭਜਾ ਫਿਰਦਾ ਹੈ ਅਤੇ ਉਨ੍ਹਾਂ ਦੇ ਸਤਿਕਾਰ ਵਜੋਂ ਅਸੀਂ ਗਡੀਆਂ ਤੇ ਕਾਰਾਂ ਅਗੇ ਪਿਛੇ ਭਜਾਈ ਫਿਰਦੇ ਹਾਂ। ਇਨ੍ਹਾਂ ਨੂੰ ਲਿਆਉਣ ਤੇ ਲਿਜਾਣ ਲਈ ਹਜ਼ਾਰਾਂ ਰੁਪਏ ਖ਼ਰਚ ਕਰ ਦੇਂਦੇ ਹਾਂ।

ਹੁਣ ਝਾਤ ਮਾਰੀਏ ਆਪਣੇ ਇਸ ਫ਼ਰਜ਼ ਵਲ ਕਿ ਆਪਣੇ ਇਸ਼ਟ, ਜਗਤ-ਗੁਰੂ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਜੀ ਲਈ ਸਾਡਾ ਕੀ ਫ਼ਰਜ਼ ਬਣਦਾ ਹੈ। ਕੀ ਅਸੀਂ ਆਪਣੇ ਇਸ਼ਟ-ਗੁਰੂ ਦਾ ਸਤਿਕਾਰ ਉਸ ਤਰ੍ਹਾਂ ਕਰਦੇ ਹਾਂ ਜਿਸ ਤਰ੍ਹਾਂ ਕਿ ਦੇਹ-ਧਾਰੀ ਉਤਮ ਪੁਰਖਾਂ ਅਥਵਾ ਮਹਾਂ ਪੁਰਖੋਂ ਦਾ ਕਰਦੇ ਹਾਂ ? ਅੱਜ ਅਸੀਂ ਗੁਰਬਾਣੀ ਨੂੰ ਗੁਰੂ ਮੰਨਣ ਵਾਲੇ ਪਾਵਨ ਬੀੜਾਂ ਨੂੰ ਗੰਦੀਆਂ ਤੇ ਭੀੜੀਆਂ ਥਾਵਾਂ ਅਤੇ ਮੜ੍ਹੀਆਂ ਤਕ ਤੇ ਭੀ ਲਿਜਾਣ ਵਿਚ ਹਿਚਕਾਉਂਦੇ ਨਹੀਂ। ਬਜ਼ਾਰਾਂ ਵਿਚ ਜੁੱਤੀਆਂ ਪਾਈ ਤੇ ਸਿਗਰਟ-ਬੀੜੀਆਂ ਪੀਂਦੇ ਲੋਕੀ ਲੰਘ ਰਹੇ ਹੁੰਦੇ ਹਨ ਅਤੇ ਉਥੇ ਸੱਚੇ ਪਾਤਸ਼ਾਹ ਦਾ ਪਰਕਾਸ਼ ਹੋ ਕੇ ਪਾਠ ਹੋ ਰਿਹਾ ਹੁੰਦਾ ਹੈ। ਗੁਰਬਾਣੀ ਦੀ ਇਸ ਤਰ੍ਹਾਂ ਪ੍ਰਦਰਸ਼ਨੀ ਕਰ ਕੇ ਨਿਰਾਦਰੀ ਕੀਤੀ ਜਾਂਦੀ ਹੈ। ਆਪਣੀ ਵਾਹ ਵਾਹ ਖ਼ਾਤਰ ਅਸੀਂ ਗੁਰਬਾਣੀ ਦੀ ਓਟ ਲੈ ਕੇ ਸੱਚੇ ਪਾਤਸ਼ਾਹ ਦੀ ਨਿਰਾਦਰੀ ਕਰਦੇ ਹਾਂ ਅਤੇ ਕਰੀ ਜਾ ਰਹੇ ਹਾਂ।



www.AKJ.Org

ਫਿਰ ਹੋਰ ਵੇਖੋ ! ਜ਼ੁਲਮ ਸਾਈਂ ਦਾ, ਇਕ ਪਾਸੇ ਤਾਂ ਅਸੀਂ ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ-ਗੁਰੂ ਮੰਨੀਏ, ਪਰ ਨਾਲ ਹੀ ਆਪਣੇ ਗੁਰੂ ਨੂੰ ਬਜ਼ਾਰਾਂ ਵਿਚ ਵਿਕਦਾ ਵੇਖੀ ਜਾਂਦੇ ਹਾਂ। ਗੁਰੂ ਨੂੰ ਵੇਚਣ ਵਾਲੇ ਤੇ ਖ਼ਰੀਦਣ ਵਾਲੇ ਅਸੀਂ ਸਾਰੇ ਆਪਣੇ ਆਪ ਨੂੰ ਗੁਰੂ ਦੇ ਸਿਖ ਸਦਵਾਉਂਦੇ ਹਾਂ। ਕੀ ਇਹ ਗੁਰੂ ਦਾ ਸਤਿਕਾਰ ਹੈ ? ਇਕ ਪਾਸੇ ਤਾਂ ਪਾਲਕੀ ਵਿਚ ਬਿਰਾਜਮਾਨ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੱਚੇ ਪਾਤਸ਼ਾਹ ਦੀ ਸਵਾਰੀ ਲਿਜਾਈ ਜਾ ਰਹੀ ਹੁੰਦੀ ਹੈ ਤੇ ਦੂਜੇ ਪਾਸੇ ਦੁਕਾਨਾਂ ਤੋਂ ਡੱਬਿਆਂ ਤੇ ਪੇਟੀਆਂ ਵਿਚ ਬੰਦ ਕਰ ਕੇ ਗੁਰੂ ਨੂੰ ਲਿਜਾਇਆ ਜਾ ਰਿਹਾ ਹੁੰਦਾ ਹੈ। ਦੇਹਧਾਰੀ ਮਹਾਂ ਪੁਰਸ਼ਾਂ ਨੂੰ ਲਿਜਾਣ ਲਿਆਉਣ ਲਈ ਤਾਂ ਸਪੈਸ਼ਲ ਕਾਰਾਂ ਤੇ ਗੱਡੀਆਂ ਦੇ ਪਰਬੰਧ ਹੁੰਦੇ ਹਨ, ਪਰ ਸਤਿਗੁਰਾਂ ਦੀ ਦੇਹ ਲਈ ਕੋਈ ਸਾਧਨ ਨਹੀਂ ਕੀਤਾ ਜਾਂਦਾ। ਸਤਿਗੁਰੂ ਦੀਆਂ ਦੇਹਾਂ ਟਰੱਕਾਂ, ਗੱਡੀਆਂ ਜਾਂ ਹਵਾਈ ਜਹਾਜ਼ਾਂ ਰਾਹੀਂ ਦੇਸਾਂ-ਪਰਦੇਸਾਂ ਵਿਚ ਜਿਵੇਂ ਭੇਜੀਆਂ ਜਾਂਦੀਆਂ ਹਨ, ਬਿਲਟੀ ਰਾਹੀਂ ਭੇਜੇ ਜਾਂਦੇ ਮਹਾਰਾਜ ਦੇ ਸਰੂਪਾਂ ਦੀ ਆਮ ਸਮਾਨ ਵਾਂਗ ਜੋ ਸੁੱਟ-ਪਸੁੱਟ ਹੁੰਦੀ ਹੈ, ਉਹ ਸ਼ਰਧਾਵਾਨ ਸਿਖ ਲਈ ਅਸਹਿ ਹੈ। ਉਥੇ ਅਦਬ-ਸਤਿਕਾਰ ਕਰਨ ਦਾ ਸੁਆਲ ਹੀ ਨਹੀਂ ਰਹਿੰਦਾ। ਕੀ ਅਸੀਂ ਇਸ ਦਾ ਕੋਈ ਯੋਗ ਹੱਲ ਲਭਾਂਗੇ ? ਮੌਜੂਦਾ ਸਥਿਤੀ ਵਿਚ ਸਤਿਕਾਰ ਓਦੋਂ ਹੀ ਹੋ ਸਕੇਗਾ, ਜਦੋਂ ਬੀੜਾਂ ਦੀ ਛਪਾਈ ਬਿਲਕੁਲ ਹੀ ਬੰਦ ਕਰ ਦਿਤੀ ਜਾਵੇ। ਲਿਖਤੀ ਸਰੂਪ ਦਾ ਸਤਿਕਾਰ ਤਾਂ ਹੀ ਹੋ ਸਕਦਾ ਹੈ, ਜੇ ਕੇਵਲ ਹੱਥ-ਲਿਖਤ ਬੀੜਾਂ ਦਾ ਹੀ ਪ੍ਰਕਾਸ਼ ਹੋਵੇ।

ਫਿਰ ਜਿਥੇ ਗੁਰਬਾਣੀ ਛਪਦੀ ਹੈ ਅਤੇ ਦਫ਼ਤਰੀ-ਖ਼ਾਨਿਆਂ ਵਿਚ ਫ਼ੋਲਡ ਹੁੰਦੀ ਅਤੇ ਜਿਲਦਾਂ ਲਈ ਜਾਂਦੀ ਹੈ, ਉਥੇ ਪੂਰਨ ਸਤਿਕਾਰ ਓਦੋਂ ਤਕ ਨਹੀਂ ਹੋ ਸਕਦਾ, ਜਦ ਤਕ ਇਸ ਸੇਵਾ ਨੂੰ ਨਿਭਾਉਣ ਵਾਲੇ ਸਾਰੇ ਦੇ ਸਾਰੇ ਭੈ-ਭਾਵਨੀ ਵਾਲੇ ਸ਼ਰਧਾਲੂ ਸੇਵਕ ਨਹੀਂ ਆਉਂਦੇ। ਭਾਵੇਂ ਪ੍ਰਾਈਵੇਟ ਵਪਾਰੀਆਂ ਦੇ ਤੇ ਭਾਵੇਂ ਧਾਰਮਿਕ ਸੰਸਥਾਵਾਂ ਦੇ ਛਾਪੇਖਾਨੇ ਤੇ ਦਫਤਰੀਖ਼ਾਨੇ ਹੋਣ, ਓਦੋਂ ਤਕ ਇਨ੍ਹਾਂ ਥਾਵਾਂ ਵਿਚ ਸਤਿਗੁਰੂ ਤੇ ਸਤਿਗੁਰੂ ਦੀ ਬਾਣੀ ਦਾ ਸਤਿਕਾਰ ਨਹੀਂ ਹੋ ਸਕਦਾ, ਜਦ ਤਕ ਸ਼ਰਧਾਵਾਨ ਗੁਰੂ ਕੇ ਲਾਲ ਇਸ ਸੇਵਾ ਨੂੰ ਨਹੀਂ ਸੰਭਾਲਦੇ। ਜਿਨ੍ਹਾਂ ਦੇ ਅੰਦਰ ਸਿੱਖੀ ਭਾਵਨਾ ਨਹੀਂ, ਉਨ੍ਹਾਂ ਤੋਂ ਸਤਿਕਾਰ ਦੀ ਆਸ ਰਖਣੀ ਕਿਥੋਂ ਦੀ ਸਿਆਣਪ ਹੈ। ਕਿਸੇ ਸਮੇਂ ਗੁਰਮੁਖੀ ਦਾ ਕੋਈ ਵਰਕਾ ਵੀ ਹੇਠਾਂ ਡਿਗਿਆ ਵੇਖ ਕੇ ਚੁਕ ਕੇ ਪਾਸੇ ਕਰ ਦੇਂਦੇ ਸਨ, ਪਰ ਅਜ ਗੁਰਬਾਣੀ ਦੇ ਪੰਨੇ ਦਫਤਰੀ-ਖ਼ਾਨਿਆਂ ਤੇ ਛਾਪੇਖ਼ਾਨਿਆਂ ਵਿਚ ਪੈਰਾਂ ਵਿਚ ਖਿਖਰੇ ਹੋਏ ਵੇਖੇ ਜਾ ਸਕਦੇ ਹਨ। ਇਸ ਗੁਰਬਾਣੀ ਦੇ ਸਤਿਕਾਰ ਲਈ ਆਪ ਅਕਾਲ ਰੂਪ ਗੁਰੂ ਅਰਜਨ ਦੇਵ ਸਚੇ ਪਾਤਸ਼ਾਹ, ਆਪ ਜ਼ਮੀਨ ਤੇ ਬਿਰਾਜਦੇ ਅਤੇ ਗੁਰਬਾਣੀ ਪਲੰਘ ਤੇ ਬਿਰਾਜਦੀ।

ਜੇ ਅਸੀਂ ਆਪਣੀ ਵਿਗੜੀ ਨੂੰ ਸੰਵਾਰਨਾ ਚਾਹੁੰਦੇ ਹਾਂ ਤਾਂ ਸਤਿਗੁਰੂ ਅਗੇ ਢਹਿ ਪਵੀਏ ਅਤੇ ਅਰਦਾਸ ਕਰੀਏ— ਰਾਖਿ ਲੇਹੁ ਹਮ ਤੇ ਬਿਗਰੀ ॥ (੮੫੬)

ਵਿਗੜੀ ਓਦੋਂ ਹੀ ਸੰਵਰੇਗੀ, ਜਦੋਂ ਅਸੀਂ ਇਸ਼ਟ-ਸਤਿਗੁਰੂ ਦੇ ਅਦਬ ਸਤਿਕਾਰ ਲਈ ਆਪਣਾ ਤਨ ਮਨ ਧਨ ਸਭ ਕੁਝ ਵਾਰਨੇ ਕਰ ਦਿਆਂਗੇ। ਸਭ ਤੋਂ ਵਡੀ ਭੁਲ ਹੈ 'ਸਤਿਗੁਰੂ' ਦਾ ਬਜ਼ਾਰਾਂ ਵਿਚ ਵਿਕਣਾ। ਇਹ ਹਰ ਹੀਲੇ ਬੰਦ ਹੋਣਾ ਚਾਹੀਦਾ ਹੈ। ਫਿਰ ਛਾਪੇਖ਼ਾਨਿਆਂ, ਦਫਤਰੀਖ਼ਾਨਿਆਂ ਵਿਚ ਸੇਵਾ ਕਰਨ ਵਾਲੇ ਭੈ-ਭਾਵਨੀ ਵਾਲੇ ਸੇਵਾਦਾਰਾਂ ਦੀ ਅਣਹੋਂਦ, ਅਤੇ ਤੀਜੇ ਸਤਿਗੁਰੂ ਜੀ ਦੇ ਲਿਆਣ ਲਿਜਾਣ ਲਈ ਪੂਰਨ ਸਤਿਕਾਰ ਵਾਲੇ ਸਾਧਨ ਮੁਹੱਈਆ ਕਰਨੇ।

ਅਸੀਂ ਗੁਰੂ ਦਾ ਪੂਰਨ ਸਤਿਕਾਰ ਕਰਕੇ ਹੀ ਗੁਰੂ-ਹੁਕਮਾਂ ਨੂੰ ਮੰਨ ਸਕਦੇ ਹਾਂ, ਅਤੇ ਨਾਮ-ਸਿਮਰਨ ਦੇ ਸੱਚੇ ਲਾਹੇ ਲੈਂਦੇ ਹੋਏ ਨਿਰਮਾਣ ਜੀਵਨ ਬਿਤਾ ਸਕਦੇ ਹਾਂ। ਗੁਰੂ-ਹੁਕਮਾਂ ਨੂੰ ਮੰਨੇ ਤੋਂ ਬਿਨਾਂ ਅਸੀਂ ਸਿੱਖੀ ਦੇ ਸਹੀ ਮਾਰਗ ਤੇ ਤੁਰ ਨਹੀਂ ਸਕਦੇ। ਸਹੀ ਮਾਰਗ ਤੇ ਤੁਰ ਕੇ ਅਸੀਂ ਗੁਰੂ ਕੀਆਂ ਖ਼ੁਸ਼ੀਆਂ ਤੇ ਬਰਕਤਾਂ ਪ੍ਰਾਪਤ ਕਰ ਸਕਦੇ ਹਾਂ।

ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਉਚੇਚੀ ਆਗਿਆ ਤੋਂ ਬਿਨਾਂ ਸਾਧਾਰਨ ਫ਼ੋਟੋ-ਕੈਮਰਾ ਵੀ ਨਹੀਂ



www.AKJ.Org

ਲਿਜਾ ਸਕੀਦਾ ਸੀ, ਪਰ ਨਵੇਂ ਮਾਇਆ-ਗ੍ਰਸੇ ਪ੍ਰਬੰਧਕ ਆਉਣ ਨਾਲ ਹੌਲੀ ਹੌਲੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਫ਼ਿਲਮਾਂ ਲੈਣ ਵਾਲੇ ਵੀ.ਡੀ.ਓ. ਕੈਮਰੇ ਅਤੇ ਸਰਚ-ਲਾਈਟਾਂ ਦੀਆਂ ਪ੍ਰਦਰਸ਼ਨੀਆਂ ਅਰੰਭ ਹੋ ਗਈਆਂ। ਇਨ੍ਹਾਂ ਤਿਖੀਆਂ ਤੇ ਤੇਜ਼ ਰੌਸ਼ਨੀਆਂ ਦੀ ਜਗਮਗਾਹਟ ਅਤੇ ਹਿਲਜੁਲ ਵਿਚ ਗੁਰਬਾਣੀ ਗਾਇਨ ਅਤੇ ਸੁਣਨ ਵਾਲੇ ਗੁਰੂ-ਚਰਨਾਂ ਵਿਚ ਕਿਵੇਂ ਜੁੜ ਸਕਦੇ ਹਨ ? ਸਭ ਦੀਆਂ ਨਜ਼ਰਾਂ ਸਰਚ-ਲਾਈਟਾਂ ਦੇ ਨਾਲ ਨਾਲ ਉਨ੍ਹਾਂ ਫ਼ੋਟੋ ਕੈਮਰਿਆਂ ਵਲ ਹੀ ਘੁੰਮ ਰਹੀਆਂ ਹੁੰਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਸ਼ਾਂਤ ਤੇ ਦੈਵੀ ਵਾਯੂ ਮੰਡਲ ਨੂੰ ਭੜਕੀਲੇ ਤੇ ਭੜਕਾਊ ਮਾਹੌਲ ਵਿਚ ਬਦਲ ਕੇ ਰਖ ਦਿਤਾ ਜਾਂਦਾ ਹੈ। ਕੀ ਇਸ ਤਰ੍ਹਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਦੀ ਬੇਅਦਬੀ ਕਰਨ ਦੇ ਭਾਗੀ ਨਹੀਂ ਬਣ ਰਹੇ ਹੁੰਦੇ ? ਗੁਰਬਾਣੀ ਮਨ ਦੀ ਇਕਾਗਰਤਾ ਨਾਲ ਗਾਉਣ ਸੁਣਨ ਦਾ ਹੁਕਮ ਹੈ। ਇਨ੍ਹਾਂ ਪ੍ਰਦਰਸ਼ਨੀਆਂ ਦੇ ਸਾਹਮਣੇ ਮਨ ਦੀ ਇਕਾਗਰਤਾ ਰਹਿ ਸਕਦੀ ਹੀ ਨਹੀਂ।

ਇਹੋ ਹਾਲ ਅਜ ਕਲ੍ਹ ਦੇ 'ਗੁਰਮਤਿ ਅਨੁਸਾਰ' ਹੋ ਰਹੇ ਅਨੰਦ ਕਾਰਜਾਂ ਵਿਚ ਵੀ ਦੇਖਿਆ ਜਾ ਰਿਹਾ ਹੈ। ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲੈਣ ਲਈ, ਅਸੀਸਾਂ ਤੇ ਬਖ਼ਸ਼ਸ਼ਾਂ ਲੈਣ ਲਈ ਗੁਰਬਾਣੀ-ਕੀਰਤਨ ਕੀਤਾ ਜਾਂਦਾ ਹੈ, ਪਰ ਨਾਲ ਹੀ ਉਸੇ ਕੀਰਤਨ ਦੇ ਦੌਰਾਨ ਫ਼ੋਟੋਆਂ ਲੈਣ ਵਾਲੇ ਅਤੇ ਵੀ.ਡੀ.ਓ. ਕੈਮਰਿਆਂ ਨਾਲ ਫ਼ਿਲਮਾਂ ਉਤਾਰਨ ਵਾਲੇ ਸਾਰੀ ਸੰਗਤ ਨੂੰ ਸਰਚ-ਲਾਈਟਾਂ ਦੀ ਤਿਖੀ ਤੇ ਤੇਜ਼ ਰੌਸ਼ਨੀ ਸੁਟ ਕੇ ਗੁਰਬਾਣੀ ਨਾਲੋਂ ਤੋੜ ਰਹੇ ਹੁੰਦੇ ਹਨ। ਓਦੋਂ ਕੋਈ ਵਿਰਲਾ ਹੀ ਗੁਰਬਾਣੀ ਨਾਲ ਜੁੜਿਆ ਰਹਿ ਸਕਦਾ ਹੈ। ਅਸੀਂ ਇਉਂ ਕਰ ਕੇ ਗੁਰਬਾਣੀ —ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਦਾ ਭਾਰੀ ਨਿਰਾਦਰ ਕਰ ਰਹੇ ਹੁੰਦੇ ਹਾਂ। ਇਹ ਗੁਰਮਤਿ ਨਹੀਂ, ਮਨਮਤ ਹੋ ਰਹੀ ਹੁੰਦੀ ਹੈ। ਸਤਿਗੁਰੂ ਦੀ ਭੈ-ਭਾਵਨੀ ਤੇ ਸਤਿਕਾਰ ਵਿਚ ਰਹਿਣਾ ਹੀ ਗੁਰਮਤਿ ਹੈ। ਇਸ ਅਗਿਆਨਤਾ ਵਿਚੋਂ ਅਸੀਂ ਕਦ ਨਿਕਲਾਂਗੇ ?

ਅੱਜ ਸਮੁੱਚੀ ਕੌਮ ਮਾਇਆ ਗ੍ਰਸੀ ਹੋਈ, ਸਿੱਖੀ ਮਾਰਗ ਤੋਂ ਖੁੰਝੀ ਪਈ ਹੈ। ਇਸੇ ਕਰਕੇ ਸਾਡੀ ਇਹ ਮੰਦੀ ਦਸ਼ਾ ਹੋ ਰਹੀ ਹੈ।

---

# ਆਪੇ ਕਰੇ ਕਰਾਏ ਕਰਤਾ

**ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥**
**ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ ॥੭॥੧੨॥** (ਆਸਾ ਮ: ੧, ਪੰਨਾ ੪੧੮)

ਭਾਵ—ਜੀਵਾਂ ਨੂੰ ਜੋ ਵੀ ਦੁਖ ਯਾ ਸੁਖ ਮਿਲਦਾ ਹੈ, ਸਭ ਕਰਤੇ ਪੁਰਖ ਦੇ ਭਾਣੇ ਅੰਦਰ ਮਿਲਦਾ ਹੈ। ਕਰਮਾਂ ਅਨੁਸਾਰ ਮਿਲਦਾ ਹੈ। ਕਰਮ-ਬਿਧਾਤੇ ਦੇ ਹੁਕਮ ਮੂਜਬ ਹੀ ਮਿਲਦਾ ਹੈ। ਕਿਸੇ ਨੂੰ ਦੁਖੋਂ ਸੁਖੁ, ਕਿਸੇ ਨੂੰ ਸੁਖੋਂ ਦੁਖੁ। ਦੁਨਿਆਵੀ ਸੁਖ ਤੇ ਦੁਖ ਹਰਖ ਤੇ ਸੋਗ ਹੀ ਉਪਜਾਉਂਦੇ ਹਨ। ਹਰਖ ਸੋਗ ਤੋਂ ਨਿਆਰਾ ਨਾਮ ਨੇਅਮਤਾਰਾ ਕੋਈ ਜਨ ਵਿਰਲਾ ਹੀ ਹੈ। ਨਹੀਂ ਤਾਂ ਸੰਸਾਰਕ ਸੁਖ ਦੇ ਹਰਖਵੰਤ, ਅੰਤ ਦੁਨਿਆਵੀ ਦੁਖ ਦੇ ਸੋਗੀ ਰੋਗੀ ਦਰ-ਅਸਲ ਸਾਰੇ ਹੀ ਦੁਖੀ ਹਨ ਅਤੇ ਆਪੋ ਆਪਣੇ ਦੁਖਾਂ ਦੀਆਂ ਪੰਡਾਂ ਖੋਲ੍ਹ ਕੇ ਪਏ ਸ਼ਿਕਵੇ ਸ਼ਿਕਾਇਤਾਂ ਦੁਖਾਂ ਦੀਆਂ ਕਰਿ ਕਰਿ ਰੋਣੇ ਰੋਂਦੇ ਹਨ। ਭਾਣੇ ਨੂੰ ਮਿਠਾ ਕਰ ਕੇ ਨਹੀਂ ਮੰਨਦੇ। ਐਉਂ ਕੋਈ ਨਹੀਂ ਸਮਝਦਾ ਕਿ ਦੁਖ ਸੁਖ ਭਾਣੇ ਦੀ ਖੇਡ ਹੈ, ਆਪੋ ਆਪਣੇ ਪੂਰਬਲੇ ਕਰਮਾਂ ਦੀ ਹੀ ਸਹੇੜ ਹੈ। ਕਰਮਾਂ ਦੀ ਲਿਬੇਤ ਦੇ ਲਿਬੜੇ ਹੋਏ ਜਨਮ-ਜੂਨੀਆਂ ਦੇ ਜੀਵ ਆਪੋ ਆਪਣਾ ਕੀਤਾ ਆਪੇ ਪਾਉਂਦੇ ਹਨ। **ਕੀਤਾ ਪਾਉਂਦੇ ਹਨ।** ਉਹਨਾਂ ਦਾ ਆਪਣਾ ਕੀਤਾ ਕੁਛ ਨਹੀਂ ਹੁੰਦਾ। ਉਹਨਾਂ ਦੇ ਆਪੋ ਆਪਣੇ ਕਰਮਾਂ ਦੀ ਕਰਤੂਤ ਅਨੁਸਾਰ ਕਰਤਾ ਪੁਰਖ ਉਹਨਾਂ ਤੋਂ ਦੁਖ-ਸੁਖ ਭੁਗਤਾਉਣੇ ਕਰਮ ਹੀ ਕਰਾਉਂਦਾ ਹੈ। ਤਿਨ੍ਹਾਂ ਕਰਮਾਂ ਨੂੰ ਮੇਟ ਸਮੇਟ ਕੋਈ ਨਹੀਂ ਸਕਦਾ। ਅਲਪਗ ਜੀਵ ਦਾ ਕੀ ਅਖ਼ਤਿਆਰ ਹੈ, ਸਰਬੱਗ ਕਰਤਾ ਪੁਰਖ ਜੋ ਚਾਹੇ ਸੋ ਕਰੇ। ਓਹਨਾਂ ਤੋਂ ਕਰਮ ਦੇ ਫਲ ਭੁਗਤਾਉਂਦਾ ਹੈ।......

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ "ਗੁਰਮਤਿ ਕਰਮ ਫਿਲਾਸਫੀ" ਵਿਚੋਂ



www.AKJ.Org

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ (੪)

[ਲੜੀ ਜੋੜਨ ਲਈ ਵੇਖੋ 'ਸੂਰਾ' ਅਪ੍ਰੈਲ ੧੯੮੮]

(ਵਲੋਂ—ਸ: ਨਰੈਣ ਸਿੰਘ ਜੀ ਐਮ.ਏ. ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ, ਪਟਿਆਲਾ)

ਗੁ: ਨਨਕਾਣਾ ਸਾਹਿਬ ਦਾ ਖ਼ੂਨੀ ਦ੍ਰਿਸ਼–

ਮੰਡੀ ਵਲੋਂ ਇਸ ਵੇਲੇ ਹੋਰ ਵੀ ਸਿੰਘ ਆ ਗਏ ਸਨ। ਝੱਬਰ ਨੇ ਦਖਣ ਵਾਲਾ ਦਰਵਾਜ਼ਾ, ਜਿਸ ਨੂੰ ਜੰਦਰਾ ਲਗਾ ਸੀ, ਲਾਹਿਆ ਅਤੇ ਅੰਦਰ ਵੜ ਕੇ ਵੇਖਿਆ ਤਾਂ ਗੁਰਦਵਾਰੇ ਦਾ ਪ੍ਰਕਰਮਾ ਵਾਲਾ ਥੜਾ ਤੇ ਬਾਰਾਂਦਰੀ ਸਭ ਲਹੂ ਲੁਹਾਨ ਹੋਇਆ ਪਿਆ ਸੀ। ਉਤਰ ਪਾਸੇ ੩ ਲਾਸ਼ਾਂ ਸਿੰਘਾਂ ਦੀਆਂ ਤੇ ਦਖਣ ਪਾਸੇ ਇਕ ਸਾਧੂ ਦੀ ਲਾਸ਼ ਪਈ ਸੀ। ਸਾਰੇ ਸਿੰਘਾਂ ਦੇ ਨੇਤਰਾਂ ਚੋਂ ਛਮਾ ਛਮ ਅਾਂਸੂ ਗਿਰ ਰਹੇ ਸਨ। ਛੇਤੀ ਹੀ ਇਹ ਬਾਹਰ ਨਿਕਲ ਆਏ। ਦਰਵਾਜ਼ਾ ਬੰਦ ਕਰ ਦਿਤਾ ਗਿਆ।

ਗੁਜਰਾਂਵਾਲੇ ਦੇ ਕੁਝ ਸਿੰਘ ਲਾਰੀ ਤੇ ਪੁਜੇ ਹੋਏ ਸਨ। ਡਾਕਟਰ ਮਹਾਂ ਸਿੰਘ, ਭਾਈ ਈਸ਼ਰ ਸਿੰਘ ਬਜ਼ਾਜ਼ ਆਦਿ ਨੂੰ ਜਥੇ ਦੇ ਆਉਣ ਤਕ ਪਹਿਰੇ ਤੇ ਖੜਾ ਕੀਤਾ ਤੇ ਝੱਬਰ ਫਿਰ ਵਾਪਸ ਆਪਣੇ ਜਥੇ ਪਾਸ ਆਇਆ। ਜਿਸ ਵੇਲੇ ਜਥਾ ਨੇੜੇ ਆਇਆ ਤਾਂ ਲੋਕੀਂ ਕੋਠਿਆਂ ਤੇ ਦੜ੍ਹ ਕੇ ਵੇਖ ਰਹੇ ਸਨ ਕਿ ਹੁਣ ਫ਼ੌਜ ਗੋਲੀ ਚਲਾਵੇਗੀ, ਵੇਖੀਏ ਜਥੇ ਨਾਲ ਕੀ ਵਰਤਦੀ ਹੈ ? ਜਿਨ੍ਹਾਂ ਨੂੰ ਪਤਾ ਲਗਾ ਕਿ ਜਥੇ ਨੇ ਗੁਰਦਵਾਰੇ ਦੀਆਂ ਚਾਬੀਆਂ ਲੈ ਲਈਆਂ ਹਨ ਤਾਂ ਜਿਹੜੇ ਦਰਦੀ ਸਨ, ਭਾਈ ਉਤਮ ਸਿੰਘ ਵਰਗੇ ਉਹ ਜਥੇ ਲਈ ਮੰਡੀ ਤੋਂ ਦੁਧ, ਖੰਡ, ਮਿਸ਼ਰੀ ਆਦਿ ਲੈ ਕੇ ਆਉਣ ਲਗੇ ਅਤੇ ਪਿਆਸੇ ਸਿੰਘਾਂ ਨੂੰ ਪ੍ਰੇਮ ਸਹਿਤ ਜਲ ਪਾਣੀ ਛਕਾਇਆ।

ਇਸ ਤੋਂ ਇਲਾਵਾ ਸਿਖ ਲੀਡਰ ਭੀ ਜੱਥੇ ਪਾਸ ਆਏ ਅਤੇ ਖੁਸ਼ ਹੋ ਕੇ ਜਫੀਆਂ ਪਾ ਪਾ ਕੇ ਝੱਬਰ ਨੂੰ ਮਿਲੇ। ਬਾਬਾ ਕੇਹਰ ਸਿੰਘ ਪਟੀ ਵਾਲੇ ਨੇ ਝੱਬਰ ਨੂੰ ਜਫੀ ਪਾ ਕੇ ਆਖਿਆ, "ਸ਼ਾਬਾਸ਼ ਬਹਾਦਰੋ, ਅੱਜ ਤੁਸਾਂ ਪੰਥ ਦੀ ਰੱਖ ਵਿਖਾਈ ਹੈ। ਮੈਂ ਸੁਣਦਾ ਹੁੰਦਾ ਸੀ ਕਿ ਵਿਰਕ ਬੜੇ ਬਹਾਦਰ ਹਨ। ਅਜ ਸੱਚ ਮੁਚ ਤੁਸਾਂ ਬਹਾਦਰ ਬਣ ਵਿਖਾਇਆ ਹੈ। ਮੈਂ ਤੁਹਾਨੂੰ ਇਸ ਬਹਾਦਰੀ ਦਾ ਸਿਰੋਪਾਉ ਮਾਝੇ ਦਾ ਡੋਲਾ ਦਿੰਦਾ ਹਾਂ।"

ਬਾਬਾ ਜੀ ਨੇ ਅਗਲੇ ਭਲਕ ਹੀ ਜਨਮ ਅਸਥਾਨ ਦੇ ਦਖਣ ਵਾਲੇ ਬੁਰਜ ਕੋਲ ਭਿਖੀ ਦੇ ਗਭਰੂਆਂ ਵਿਚੋਂ ਸਾਵਲ ਸਿੰਘ ਪੁਤਰ ਸ: ਪ੍ਰੇਮ ਸਿੰਘ ਜ਼ੈਲਦਾਰ ਭਿਖੀ ਨੂੰ ਸ: ਤੇਜਾ ਸਿੰਘ ਸਮੁੰਦਰੀ ਦੀ ਭਣੇਵੀਂ ਬੀਬੀ ਗੁਰਬਚਨ ਕੌਰ ਦਾ ਰਿਸ਼ਤਾ ਦਿਤਾ, ਅਤੇ ਅਸੂ ਵਿਚ ਸਾਵਲ ਸਿੰਘ ਦੀ ਜੰਞ ਚੱਕ ਨੰ: ੪੦ ਵਿਚ ਸ: ਤੇਜਾ ਸਿੰਘ ਸਮੁੰਦਰੀ ਦੇ ਘਰ ਢੁਕੀ ਤੇ ਵਿਵਾਹ ਹੋਇਆ।

ਜਿਹੜੇ ਮੰਡੀ ਦੇ ਲੋਕ ਜਥੇ ਪਾਸ ਆਏ ਹੋਏ ਸਨ, ਉਨ੍ਹਾਂ ਨੇ ਪ੍ਰੇਮ ਨਾਲ ਕਿਹਾ ਕਿ ਜਥਾ ਇਸੇ ਤਰ੍ਹਾਂ ਮੰਡੀ ਵਿਚੋਂ ਸਜਿਆ ਸਜਾਇਆ ਲੰਘੇ। ਝੱਬਰ ਨੇ ਜਥੇਦਾਰਾਂ ਨੂੰ ਹੁਕਮ ਦਿੱਤਾ ਕਿ ਖਾਲਸਾ ਜੀ, ਆਪੋ ਆਪਣੇ ਜਥੇ ਲਾਈਨਾਂ ਵਿਚ ਕਰ ਲਵੋ, ਲਾਈਨਾਂ ਬਣਾ ਕੇ ਚਲੋ, ਕਿਉਂਕਿ ਬਾਜ਼ਾਰ ਸੌੜੇ ਹਨ। ਸਾਰੇ ਜਥੇਦਾਰ ਆਪਣੇ ਆਪਣੇ ਘੋੜਿਆਂ ਤੇ ਸਵਾਰ ਹੋ ਗਏ, ਝੱਬਰ ਦਾ ਘੋੜਾ ਸਭ ਤੋਂ ਅਗੇ ਸੀ। ਇਕ ਇਕ ਜਥੇਦਾਰ ਪਿਛੇ ਦੋ ਦੋ ਸੋ ਦਾ ਜਥਾ ਸੀ, ਮੋਢੇ ਤੇ ਛਵ੍ਹੀਆਂ ਕੁਹਾੜੀਆਂ ਆਦਿ ਸਨ। ਡਾਂਗ ਹਰ ਇਕ ਪਾਸ ਜ਼ਰੂਰ ਸੀ। ਇਹ ਮੰਡੀ ਦੇ ਵਿਚੋਂ ਦੀ ਲੰਘੇ, ਖਾਲਸੇ ਦੇ ਮਿਤਰਾਂ ਨੂੰ ਖੁਸ਼ੀਆਂ ਤੇ ਦੁਸ਼ਮਨ ਯਰਕ ਰਹੇ ਸਨ।

ਜਥੇ ਨੇ ਜਨਮ ਅਸਥਾਨ ਦਰਸ਼ਨੀ ਦਰਵਾਜ਼ਾ, ਜੋ ਉਸ ਵਕਤ ਬੰਦ ਸੀ, ਦੇ ਸਾਹਮਣੇ ਖੜੇ ਹੋ ਕੇ ਮਥਾ ਟੇਕ ਸਰੋਵਰ ਵਾਲੀਆਂ ਬੋਹੜਾਂ ਹੇਠ ਡੇਰਾ ਲਾਇਆ ਅਤੇ ਜਥੇਦਾਰ ਨੇ ਉਸੇ ਵੇਲੇ ਇਕ ਸੋ ਜੁਆਨਾਂ ਦਾ ਪਹਿਰਾ ਗੁਰਦੁਆਰੇ ਦੇ ਸ਼ਹੀਦਾਂ ਦੀਆਂ ਲਾਸ਼ਾਂ ਦੀ ਰਾਖੀ ਲਈ ਲਾ ਦਿਤਾ। ਤਿੰਨ ਘੰਟੇ ਬਾਅਦ ਉਨ੍ਹਾਂ ਦੀ ਬਦਲੀ ਕੀਤੀ ਜਾਂਦੀਸੀ। ਏਥੇ ਕਿਆਰਾ ਸਾਹਿਬ ਦੇ ਮਹੰਤ ਸੰਤ ਸਿੰਘ ਤੇ ਬਾਲ ਲੀਲ੍ਹਾ ਦੇ ਮਹੰਤ ਤੀਰਥ ਸਿੰਘ ਨੇ ਜਥੇ ਲਈ ਦੱਧ ਤੇ ਰੋਟੀਆਂ ਲਿਆਂਦੀਆਂ, ਪਰ ਰਾਤ ਨੂੰ ਜਥੇ ਦੇ ਪ੍ਰਸ਼ਾਦ ਦਾ ਕਾਫ਼ੀ ਪਰਬੰਧ ਨਾ ਹੋ ਸਕਿਆ, ਕਿਉਂਕਿ ਕੁਵੇਲਾ



www.AKJ.Org

ਹੋ ਗਿਆ ਸੀ । ਜੋ ਕੁਝ ਆਇਆ, ਉਹ ਬੁਢਿਆਂ ਤੇ ਥਕੇ ਮਾਂਦੇ ਸਿੰਘਾਂ ਨੂੰ ਵਰਤਾ ਦਿਤਾ ਗਿਆ । ਜਥਾ ਭੁਖਾ ਹੀ ਰਿਹਾ, ਝੱਬਰ ਨੇ ਭੀ ਪ੍ਰਸ਼ਾਦਾ ਨਾ ਛਕਿਆ ।

ਡੇਢ ਕੁ ਪਹਿਰ ਰਾਤ ਲੰਘਣ ਪਿਛੋਂ ਜਨਮ ਅਸਥਾਨ ਦੀ ਬਸਤੀ ਵਿਚੋਂ ਸ਼ਿਕਾਇਤ ਆਈ ਕਿ ਲੋਕਾਂ ਦੇ ਘਰਾਂ ਵਿਚੋਂ ਨੁਕਸਾਨ ਹੋ ਰਿਹਾ ਹੈ, ਕੋਈ ਬੰਦੋਬਸਤ ਕੀਤਾ ਜਾਵੇ । ਝੱਬਰ ਨੇ ਉਤਰ ਦਿਤਾ ਕਿ ਮੈਂ ਆਪਣੇ ਸਿੰਘਾਂ ਨੂੰ ਪਿੰਡ ਦੇ ਵਿਚ ਨਹੀਂ ਵੜਨ ਦੇਣਾ ਅਤੇ ੫੦ ਕਰਮ ਤੇ ਪਿੰਡੋਂ ਬਾਹਰ ਪਿੰਡ ਦੇ ਚੁਫੇਰੇ ਚਾਰ ਸੌ ਜੁਆਨਾਂ ਦਾ ਪਹਿਰਾ ਲਾ ਦਿਤਾ । ਝੱਬਰ ਨੇ ਅਨੋਖ ਸਿੰਘ ਲਾਗਰਾਂ ਵਾਲੇ ਦੀ ਇਸ ਕੰਮ ਤੇ ਡਿਊਟੀ ਲਾਈ । ਪਹਿਰਾ ਲਗ ਜਾਣ ਪੁਰ ਅਮਨ ਹੋ ਗਿਆ । 'ਅਕਾਲੀ ਦਲ ਖਰਾ ਸੌਦਾ ਬਾਰ' ਦੇ ਜਥੇ ਤੋਂ ਪਿਛੋਂ ਰਾਤ ਨੂੰ ਸਾਢੇ ਦਸ ਵਜੇ ਜੜ੍ਹਾਂਵਾਲੇ ਤੋਂ ਪੈਦਲ ਚਲ ਕੇ ਢਾਈ ਕੁ ਸੌ ਸਿੰਘਾਂ ਦਾ ਇਕ ਜਥਾ ਪੁਜਾ । ਇਸ ਵਿਚ ਉਹ ਸਾਰੇ ਸਿੰਘ ਸ਼ਾਮਲ ਸਨ, ਜੋ ਦੁਪਹਿਰ ਦੀ ਲਾਹੌਰ ਤੋਂ ਆਈ ਗਡੀ ਦੇ ਨਨਕਾਣਾ ਸਾਹਿਬ ਨਾ ਠਹਿਰਨ ਕਰਕੇ ਜੜ੍ਹਾਂਵਾਲੇ ਜਾ ਉਤਰੇ ਸਨ ।*

ਇਸ ਜਥੇ ਤੋਂ ਬਾਅਦ ਰਾਤ ਦੇ ਦੋ ਵਜੇ ਸਰਗੋਧੇ ਤੋਂ ਸ: ਬਾਘ ਸਿੰਘ, ਜੋ ਸ: ਮਹਿਤਾਬ ਸਿੰਘ ਜੀ ਦੇ ਚਾਚੇ ਦਾ ਪੁਤਰ-ਭਰਾ ਸੀ, ਜਥਾ ਲੈ ਕੇ ਪੁਜ ਗਿਆ । ਇਹ ਜਥਾ ਸ: ਉਤਮ ਸਿੰਘ ਦੀ ਤਾਰ ਮਿਲਣ ਤੇ ਸ਼ੋਰਕੋਟ ਵਲੋਂ ਗਡੀ ਚੜ੍ਹ ਕੇ ਆਇਆ ਸੀ । ਜੜ੍ਹਾਂਵਾਲੇ ਪੁਲੀਸ ਨੇ ਜਥੇ ਨੂੰ ਗਡੀ ਤੋਂ ਉਤਾਰ ਦਿਤਾ ਤਾਂ ਜਥਾ ਰੇਲ ਦੀ ਪਟੜੀ ਤੇ ਪੈਦਲ ਹੀ ਚਲ ਪਿਆ । ਜਥਾ ਬੁਚਿਆਣੇ ਸਟੇਸ਼ਨ ਤੇ ਪੁਜਾ ਤਾਂ ਏਥੇ ਡਿਊਟੀ ਵਾਲਾ ਬਾਬੂ ਸਿਖ ਸੀ, ਉਸ ਨੂੰ ਆਖ ਕੇ ਨਨਕਾਣੇ ਸਾਹਿਬ ਤੋਂ ਤਾਰ ਰਾਹੀਂ ਸਾਰਾ ਪਤਾ ਕਰ ਲੀਤਾ । ਇਨ੍ਹਾਂ ਨੂੰ ਪਤਾ ਲਗਾ ਕਿ ਝੱਬਰ ਦੇ ਜਥੇ ਨੇ ਪੁਜ ਕੇ ਗੁਰਦਵਾਰੇ ਦਾ ਕਬਜ਼ਾ ਲੈ ਲੀਤਾ ਹੈ । ਪਿਛੋਂ ਮਾਲ ਗਡੀ ਆਈ, ਉਸ ਦਾ ਗਾਰਡ ਭੀ ਸਿਖ ਸੀ । ਸ: ਬਾਘ ਸਿੰਘ ਨੇ ਦੋਹਾਂ ਸਿਖ ਬਾਬੂਆਂ ਨੂੰ ਆਖ ਕੇ ਆਪਣਾ ਜਥਾ ਮਾਲ ਗਡੀ ਵਿਚ ਬਿਠਾ ਲਿਆ ਤੇ ਨਨਕਾਣੇ ਸਾਹਿਬ ਲਹਿੰਦੇ ਫਾਟਕ ਪਾਸ ਗਡੀ ਖਲ੍ਹਾਰ ਕੇ ਜਥੇ ਨੂੰ ਉਤਾਰ ਦਿਤਾ । ਇਹ ਜਥਾ ਇਸ ਤਰ੍ਹਾਂ ਇਥੇ ਪੁਜਾ ।

੨੨ ਤਾਰੀਖ਼ ਸਵੇਰੇ ਦਸ ਕੁ ਵਜੇ ਗੁ: ਜਨਮ ਅਸਥਾਨ ਦੇ ਅਹਾਤੇ ਦਾ ਦਖਣੀ ਦਰਵਾਜ਼ਾ ਖੋਲ੍ਹ ਕੇ ਥੋੜੇ ਥੋੜੇ ਸਿੰਘਾਂ ਨੂੰ ਵਾਰੀ ਵਾਰੀ ਅੰਦਰ ਜਾਣ ਦੀ ਆਗਿਆ ਦਿਤੀ ਗਈ । ਅਸੀਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਪਹਿਲੇ ਬੈਚ ਵਿਚ ਹੀ ਅੰਦਰ ਚਲੇ ਗਏ ਸਾਂ । ਅਸਾਂ ਵੇਖਿਆ ਕਿ ਸਾਰਾ ਆਹਾਤਾ ਹੀ, ਖ਼ਾਸ ਕਰ ਉਪਰਲਾ ਸੰਗਮਰਮਰੀ ਫਰਸ਼ ਲਹੂ-ਲੁਹਾਨ ਹੋਇਆ ਪਿਆ ਸੀ ਅਤੇ ਉਪਰ ਤੋਂ ਖ਼ੂਨ ਵਹਿ ਵਹਿ ਕੇ ਹੇਠਲੀ ਪਰਕਰਮਾ ਵਿਚ ਜੰਮ ਚੁਕਾ ਸੀ । ਖ਼ੂਨ ਦੇ ਵਹਿਣ ਅਤੇ ਰੇੜ੍ਹਾਂ ਦੇ ਨਿਸ਼ਾਨ ਉਸੇ ਤਰ੍ਹਾਂ ਕਾਇਮ ਸਨ । ਚੌਖੰਡੀ ਅਤੇ ਬਾਰਾਂਦਰੀ ਦੇ ਫਰਸ਼ ਧੋਤੇ ਗਏ ਹੋਏ ਸਨ । ਬਾਰਾਂਦਰੀ ਦੇ ਸਾਮ੍ਹਣੇ ਤਿੰਨ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ ਅਤੇ ਬਾਕੀ ਦੀਆਂ ਟੁਕੜੇ ਟੁਕੜੇ ਹੋਈਆਂ ਲਾਸ਼ਾਂ ਕਿਸੇ ਦਾ ਸਿਰ, ਕਿਸੇ ਦੇ ਬਾਜ਼ੂ ਲਤਾਂ, ਧੜ ਤੇ ਸਰੀਰਾਂ ਦੇ ਹੋਰ ਅੰਗ ਤਿੰਨ ਵਖੋ ਵਖ ਢੇਰਾਂ ਵਿਚ ਅਧ-ਸੜੇ, ਬਾਰਾਂਦਰੀ ਦੇ ਉਤਰ ਅਤੇ ਚੜ੍ਹਦੇ ਵੱਲ ਪਏ ਸਨ । ਚੌਖੰਡੀ ਦੀ ਉਤਰ-ਪਛਮੀ ਗੁੱਠ ਵੱਲ ਖੜੇ ਜੰਡ ਦੇ ਰੁਖ ਦੇ ਦੁਆਲੇ ਤਾਰਾਂ ਵਲੀਆਂ ਹੋਈਆਂ ਸਨ ਅਤੇ ਜੰਡ ਦਾ ਇਕ ਪਾਸਾ ਸੜ ਚੁਕਾ ਹੋਇਆ ਸੀ । ਇਸ ਜੰਡ ਨਾਲ ਬੰਨ੍ਹ ਕੇ ਭਾਈ ਲਛਮਣ ਸਿੰਘ ਜਥੇਦਾਰ ਨੂੰ ਜੀਊਂਦੇ ਜਲਾਇਆ ਗਿਆ ਦਸਿਆ ਜਾਂਦਾ ਸੀ । ਇਥੋਂ ਅਸੀਂ ਦਰਸ਼ਨੀ ਡਿਉਢੀ ਵੱਲ ਗਏ ਤਾਂ ਵੇਖਿਆ, ਅੰਦਰ ਲਕੜੀ ਦੇ ਮੋਟੇ ਫੱਟਿਆਂ ਪਰ ਇਉਂ ਵਢੇ ਪਏ ਹੋਏ ਸਨ ਜਿਵੇਂ ਹੱਥ ਨਾਲ ਚਾਰਾ ਕਟਣ ਵਾਲੇ ਟੋਕੇ ਦੇ ਨਿਸ਼ਾਨ ਚਾਰਾ ਕਟਣ ਵਾਲੀ ਲਕੜੀ (ਮੁਢੀ) ਤੇ ਪਏ ਹੁੰਦੇ ਹਨ, ਜਾਂ ਝਟਕਈ ਦੇ ਕੀਮਾ ਕਰਨ ਦੇ ਵਢੇ ਹੁੰਦੇ ਹਨ । ਇਨ੍ਹਾਂ ਵਢਿਆਂ ਵਿਚ ਸ਼ਹੀਦਾਂ ਦੇ ਸਰੀਰਾਂ ਦੇ ਮਾਸ ਉਵੇਂ ਹੀ ਫਸੇ ਹੋਏ ਸਨ ਅਤੇ ਫਟੇ ਲਹੂ ਲੁਹਾਨ ਹੋਏ ਹੋਏ ਸਨ ।

ਇਤਨੇ ਸਮੇਂ ਅੰਦਰ ਕੁਝ ਸਿੰਘਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜ਼ਖਮੀ ਬੀੜ ਚੌਖੰਡੀ ਤੋਂ ਬਾਹਰ ਲਿਆਂਦੀ । ਭਾਈ ਹੀਰਾ ਸਿੰਘ ਰਾਗੀ ਫਰੂਕੇ ਵਾਲਿਆਂ ਨੇ ਚੌਖੰਡੀ ਦੇ ਉਤਰ ਵੱਲ, ਬਾਹਰ ਸ਼ਹੀਦਾਂ ਦੇ ਅਧ-ਸੜੇ ਇਕ ਢੇਰ ਪਾਸ ਪ੍ਰਕਾਸ਼ ਕੀਤਾ ਅਤੇ ਅਤਿ ਦਰਦ ਭਰੀ ਆਵਾਜ਼ ਵਿਚ ਹੁਕਮ ਲਿਆ, ਜੋ ਇਸ ਪ੍ਰਕਾਰ ਸੀ :—

* ਜੜ੍ਹਾਂਵਾਲੇ ਤੋਂ ਆਏ ਇਸ ਜਥੇ ਵਿਚ ਲੇਖਕ ਸ਼ਾਮਲ ਸੀ ਅਤੇ ਇਸ ਤੋਂ ਪਿਛੋਂ ਦੇ ਅਖੀਂ ਡਿਠੇ ਹਾਲਾਤ ਹਨ ।



www.AKJ.Org

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ ਜੋਬਨੁ ਖੋਇ ਪਾਛੈ ਪਛੁਤਾਨੀ ॥੧॥ਰਹਾਉ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥
ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ ॥੪॥੧॥ (ਪੰਨਾ ੭੯੪)

ਸਿੰਘ ਠੀਕ ਹੀ ਆਪਣੇ ਪ੍ਰੀਤਮ ਸ਼ਹੁ ਨੂੰ ਲੋਚਲੋ ਲੋਚਦੇ ਸ਼ਹੀਦੀਆਂ ਪਾ ਗਏ ਸਨੇ। ਸਾਰੇ ਦਰਸ਼ਕ ਮਾਸੇ ਮਾਸੇ ਦੇ ਹੰਝੂ ਰੋਂਦੇ ਤੇ ਹਾਹੁਕੇ ਭਰ ਰਹੇ ਸਨ।

ਅਗਲੇ ਭਲਕ ਸਵੇਰੇ ਹੀ ਰਾਵਲਪਿੰਡੀ ਤੋਂ ਸ: ਸੁੰਦਰ ਸਿੰਘ ਜੀ ਮਜੀਠਾ ਐਗਜ਼ੈਕਟਿਵ ਮੈਂਬਰ ਗਵਰਨਮੈਂਟ ਪੰਜਾਬ ਦੀ ਤਾਰ ਆਈ ਕਿ ਸ਼ਹੀਦਾਂ ਦਾ ਸਸਕਾਰ ਨਹੀਂ ਕਰਨਾ, ਮੈਂ ਲਾਟ ਸਾਹਿਬ ਨੂੰ ਨਾਲ ਲੈ ਕੇ ਨਨਕਾਣੇ ਸਾਹਿਬ ਆ ਰਿਹਾ ਹਾਂ। ਸ: ਹਰਬੰਸ ਸਿੰਘ ਜੀ ਪ੍ਰਧਾਨ ਕਮੇਟੀ ਨੇ ਝੱਬਰ ਨੂੰ ਬੁਲਾ ਕੇ ਸਾਰਾ ਹਾਲ ਸੁਣਾਇਆ। ਲਾਸ਼ਾਂ ਤੇ ਪਹਿਰਾ ਜਾਰੀ ਰਖਿਆ ਗਿਆ। ਦਿਨ ਚੜ੍ਹੇ ਗਡੀਆਂ ਭੀ ਖਲੋਤੀਆਂ ਅਤੇ ਦੂਰ ਦੂਰ ਖ਼ਬਰਾਂ ਹੋ ਗਈਆਂ ਕਿ ਝੱਬਰ ਦੇ ਜਥੇ ਨੇ ਗੁਰਦੁਆਰੇ ਦਾ ਕਬਜ਼ਾ ਲੈ ਲਿਆ ਹੈ । ਅੱਜ ਸਾਰਾ ਦਿਨ ਚਾਰ ਚੁਫੇਰਿਉਂ ਸਿੰਘਾਂ ਦੇ ਜਥੇ ਵਹੀਰਾਂ ਪਾ ਕੇ ਪੁਜੇ। ਕਮੇਟੀ ਵਲੋਂ ਪ੍ਰੋਫੈਸਰ ਜੋਧ ਸਿੰਘ ਜੀ ਨੇ ਸੰਗਤਾਂ ਵਾਸਤੇ ਲੰਗਰ ਦਾ ਪਰਬੰਧ ਕੀਤਾ। ਸੈਂਕੜੇ ਬੋਰੀਆਂ ਆਟਾ ਦਾਲ ਲੰਗਰ ਵਿਚ ਗੱਡਿਆਂ ਤੇ ਝੱਬਰ ਦੇ ਜਥਿਆਂ ਨੇ ਲਿਆਂਦਾ, ਜੋ ਕਈ ਦਿਨ ਤੇ ਕਈ ਰਾਤਾਂ ਪਕਦਾ ਰਿਹਾ ਤੇ ਸੰਗਤਾਂ ਛਕਦੀਆਂ ਰਹੀਆਂ।

ਕਮੇਟੀ ਪਾਸ ਖ਼ਬਰ ਪੁਜੀ ਕਿ ਗੁ: ਮਾਲ ਸਾਹਿਬ ਦਾ ਮਹੰਤ ਕਿਰਪਾ ਰਾਮ ਸਮੇਤ ਪਰਵਾਰ ਕਿਤੇ ਨੱਸ ਗਿਆ ਹੈ ਅਤੇ ਉਸ ਦਾ ਮਕਾਨ ਸੁੰਞਾ ਪਿਆ ਹੈ, ਕਮੇਟੀ ਰਾਖੀ ਦਾ ਬੰਦੋਬਸਤ ਕਰੇ। ਪ੍ਰੈਜ਼ੀਡੈਂਟ ਦਾ ਹੁਕਮ ਪ੍ਰੋ: ਜੋਧ ਸਿੰਘ ਦੀ ਰਾਹੀਂ ਝੱਬਰ ਪਾਸ ਪੁਜਾ। ਝੱਬਰ ਨੇ ਝਟ ੧੦੦ ਸਿੰਘ ਲਾਗਰਾਂ ਵਾਲੇ ਜਥੇ ਦੇ ਲੈ ਕੇ ਨਾਲ ਜਾ ਕੇ ਮਹੰਤ ਕਿਰਪਾ ਰਾਮ ਦੀ ਬੈਠਕ, ਜੋ ਖੁਲ੍ਹੀ ਸੀ, ਉਸ ਵਿਚ ਜਥੇ ਦਾ ਡੇਰਾ ਲਵਾ ਦਿਤਾ। ਮਕਾਨ ਨੂੰ ਤਾਲੇ ਲਗੇ ਹੋਏ ਸਨ। ਤਾਕੀਦ ਕੀਤੀ ਕਿ ਤੁਸਾਂ ਮਕਾਨ ਦੇ ਨੇੜੇ ਕਿਸੇ ਗ਼ੈਰ ਆਦਮੀ ਨੂੰ ਦਿਨੇ ਜਾਂ ਰਾਤ ਨਹੀਂ ਆਉਣ ਦੇਣਾ। ਮਾਲ ਮਝੀਂ ਗਾਈਂ ਘੋੜਿਆਂ ਨੂੰ ਪੱਠੇ ਪਾਣ ਵਾਲਾ ਕੋਈ ਨਹੀਂ ਸੀ, ਮਾਲ ਨੂੰ ਭੀ ਜਥੇ ਦੇ ਸਪੁਰਦ ਕੀਤਾ ਗਿਆ। ਇਸ ਜਥੇ ਨੇ ਮਹੰਤ ਕਿਰਪਾ ਰਾਮ ਦੇ ਘਰ ਤੇ ਮਾਲ ਡੰਗਰ ਦੀ ਇਕ ਹਫਤੇ ਤਕ ਚੰਗੀ ਸਿਆਣਪ ਨਾਲ ਰਾਖੀ ਕੀਤੀ।

੨੩ ਫ਼ਰਵਰੀ ੧੯੨੧ ਨੂੰ ਸਪੈਸ਼ਲ ਗੱਡੀ ਗਵਰਨਰ ਪੰਜਾਬ ਦੀ ਆਈ, ਨਾਲ ਹੀ ਇਸ ਦੀ ਸਾਰੀ ਕੌਂਸਲ ਭੀ ਆਈ। ਸ: ਸੁੰਦਰ ਸਿੰਘ ਜੀ ਵਜ਼ੀਰ ਮਾਲ, ਲਾਲਾ ਹਰਕ੍ਰਿਸ਼ਨ ਲਾਲ ਹਿੰਦੂ ਵਜ਼ੀਰ ਤੇ ਫ਼ਜ਼ਲ ਹੁਸੈਨ ਮੁਸਲਮਾਨ ਵਜ਼ੀਰ, ਕਮਿਸ਼ਨਰ ਤੇ ਹੋਰ ਅੰਗਰੇਜ਼ ਭੀ ਨਾਲ ਸਨ। ਪ੍ਰਬੰਧਕਾਂ ਨੇ ਤਜਵੀਜ਼ ਕੀਤੀ ਕਿ ਲਾਟ ਸਾਹਿਬ ਨੂੰ ਦਖਣ ਵਾਲਾ ਦਰਵਾਜ਼ਾ ਖੋਲ੍ਹ ਕੇ, ਸਮੇਤ ਸਾਥੀਆਂ ਅੰਦਰ ਲੰਘਾ ਕੇ ਦਰਵਾਜ਼ੇ ਬੰਦ ਕਰ ਦਿਤੇ ਜਾਣ। ਐਸਾ ਹੀ ਕੀਤਾ ਗਿਆ, ਤਾਂ ਕਿ ਰੌਲਾ ਨਾ ਪਵੇ, ਤੇ ਲਾਟ ਸਾਹਿਬ ਨੂੰ ਚੰਗੀ ਤਰ੍ਹਾਂ ਕਤਲ ਕਰਨ ਵਾਲੇ ਥਾਂ ਅਤੇ ਹਾਲਾਤ ਭੀ ਦਸੇ ਜਾਣ।

ਪਰ ਲੋਕਾਂ ਦਾ ਜੋਸ਼ ਕਿਥੇ ਠਲ੍ਹਿਆ ਜਾਵੇ। ਲੋਕ ਗੁਰਦਵਾਰੇ ਦੇ ਮਕਾਨਾਂ ਦੀਆਂ ਛੱਤਾਂ ਤੇ ਕੰਧਾਂ ਟੱਪ ਕੇ ਚੜ੍ਹ ਗਏ ਅਤੇ ਭਾਂਤੋ ਭਾਂਤ ਲਗੇ ਬੋਲਣ। ਲਾਟ ਸਾਹਿਬ ਤੇ ਉਸ ਦੇ ਨਾਲ ਦੇ ਸਾਰੇ ਸਾਥੀ ਬੂਟਾਂ ਸਮੇਤ ਹੀ ਅੰਦਰ ਆਏ ਸਨ। (ਮਹੰਤਾਂ ਦੇ ਵੇਲੇ ਗੁਰਦਵਾਰੇ ਦਾ ਅੰਦਰਲਾ ਥੜਾ, ਜੋ ਦੋ ਫ਼ੁਟ ਉਚਾ ਸੀ, ਇਸ ਦੇ ਉਪਰ ਜੋੜਾ ਨਹੀਂ



www.AKJ.Org

ਸੀ ਜਾਂਦਾ, ਪਰ ਉਸ ਤੋਂ ਬਾਹਰ ਵਡੀਆਂ ਪ੍ਰਕਰਮਾਂ ਵਿਚ, ਸੰਗਤ ਸਮੇਤ ਜੋੜੇ ਹੀ ਜਾਂਦੀ ਸੀ।)

ਜਦੋਂ ਲਾਟ ਸਾਹਿਬ ਦਖਣ ਦੇ ਪਾਸੇ ਤੋਂ ਲਹਿੰਦੇ ਪਾਸੇ ਪੁਜੇ ਤਾਂ ਇਸ ਵੇਲੇ ਝੱਬਰ ਨੇ ਮਜੀਠੀਏ ਸਰਦਾਰ ਨੂੰ, ਜੋ ਲਾਟ ਦੇ ਪਿਛੇ ਪਿਛੇ ਜਾ ਰਿਹਾ ਸੀ, ਕਿਹਾ ਕਿ ਉਹ ਲਾਟ ਸਾਹਿਬ ਨੂੰ ਜੋੜਾ ਲਾਹ ਕੇ ਅੰਦਰ ਵੇਖਣ ਲਈ ਕਹੇ। ਜੇ ਬਾਹਰੋਂ ਫਿਰ ਕੇ ਵੇਖਿਆ ਤਾਂ ਕੀ ਵੇਖਿਆ! ਮਜੀਠੀਏ ਸਰਦਾਰ ਨੇ ਝੱਬਰ ਵਲ ਇਸ਼ਾਰਾ ਕੀਤਾ ਕਿ ਤੁਸੀਂ ਆਪ ਕਹੋ। ਉਸ ਵੇਲੇ ਲਾਟ ਸਾਹਿਬ ਉਤਰ ਪਾਸੇ ਪੁਜ ਗਿਆ ਸੀ, ਤਾਂ ਝੱਬਰ ਨੇ ਲਾਟ ਸਾਹਿਬ ਦੀ ਬਾਂਹ ਫੜ ਕੇ ਕਿਹਾ :

"ਸਾਹਿਬ ਬਹਾਦਰ, ਬੂਟ ਲਾਹ ਕੇ ਅੰਦਰ ਆ ਕੇ ਵੇਖੋ।"

ਮੰਦਰ ਦੇ ਉਤਰ ਪਾਸੇ ਥੜੇ ਤੇ ਚੜ੍ਹਨ ਲਈ ਨਿਕੀਆਂ ਨਿਕੀਆਂ ਦੋ ਪੌੜੀਆਂ ਸਨ। ਲਾਟ ਸਾਹਿਬ ਏਥੇ ਖਲੋ ਗਿਆ ਅਤੇ ਬੂਟ ਉਤਾਰ ਕੇ ਥੜੇ ਤੇ ਚੜ੍ਹ ਕੇ ਬਾਰਾਂਦਰੀ ਵਲ ਹੋਇਆ। ਨਾਲ ਦੇ ਭੀ ਸਾਰਿਆਂ ਨੇ ਬੂਟ ਲਾਹੇ ਤੇ ਉਪਰ ਚੜ੍ਹ ਆਏ। ਜਦ ਲਾਟ ਸਾਹਿਬ ਨੇ ਬਾਰਾਂਦਰੀ ਅਤੇ ਅੰਦਰ ਲਹੂ ਲੁਹਾਨ ਹੋਏ ਵੇਖੇ ਤਾਂ ਅੱਖਾਂ ਵਿਚੋਂ ਛਮ ਛਮ ਅਥਰੂ ਕਿਰੇ ਅਤੇ ਪੂੰਝਦਿਆਂ ਆਪ ਦਾ ਰੁਮਾਲ ਭਿੱਜ ਗਿਆ। ਆਪ ਦੇ ਦਿਲ ਤੇ ਗੰਹਿਰਾ ਅਸਰ ਹੋਇਆ, ਪਰ ਕੋਠੇ ਤੋਂ ਇਕ ਮਨਚਲੇ ਨੇ ਕਿਹਾ ਕਿ ਸਾਡੇ ਸਿੰਘ ਤਾਂ ਕਿੰਗ ਕਮਿਸ਼ਨਰ ਤੇ ਕਰੀ ਡਿਪਟੀ ਕਮਿਸ਼ਨਰ ਨੇ ਮਰਵਾਏ ਹਨ। ਫਿਰ ਕੀ ਸੀ, 'ਕਿੰਗ' 'ਕਰੀ' ਆਖ ਆਖ ਬੜਾ ਰੌਲਾ ਪਿਆ। ਇਸ ਵਕਤ ਨਾਲ ਦੇ ਅੰਗਰੇਜ਼ ਤੇ ਦੇਸੀ ਅਫ਼ਸਰਾਂ ਨੇ ਇਸ ਰੌਲੇ ਨੂੰ ਬੁਰਾ ਮਨਾਇਆ। ਝੱਬਰ ਨੇ ਲੋਕਾਂ ਨੂੰ ਚੁਪ ਕਰਾਣ ਲਈ ਬੜਾ ਹੀ ਜ਼ੋਰ ਲਾਇਆ, ਪਰ ਲੋਕਾਂ ਨੇ ਇਕ ਨਾ ਸੁਣੀ। ਲਾਟ ਸਾਹਿਬ ਸਟੇਸ਼ਨ ਨੂੰ, ਜਿਥੇ ਗੱਡੀ ਖਲੋਤੀ ਸੀ, ਵਾਪਸ ਮੁੜਿਆ ਤਾਂ ਸ: ਹਰਬੰਸ ਸਿੰਘ ਜੀ ਨੇ ਕਿਹਾ :

"ਝੱਬਰ ਜੀ, ਤੁਸੀਂ ਵੀ ਨਾਲ ਚਲੋ। ਲਾਟ ਸਾਹਿਬ ਨੂੰ ਗੱਡੀ ਚੜ੍ਹਾ ਆਈਏ।" ਜਦ ਸਟੇਸ਼ਨ ਤੇ ਪੁਜੇ ਅਤੇ ਲਾਟ ਸਾਹਿਬ ਗੱਡੀ ਦੇ ਅੰਦਰ ਵੜਨ ਲੱਗਾ ਤਾਂ ਝੱਬਰ ਗੱਡੀ ਦੇ ਨਾਲ ਦਰਵਾਜ਼ੇ ਕੋਲ ਖਲੋ ਗਿਆ, ਅਤੇ ਕਿਹਾ :

"ਲਾਟ ਸਾਹਿਬ ਬਹਾਦਰ, ਮੇਰੀ ਗੱਲ ਸੁਣੋ। ਆਪ ਦੂਰ-ਅੰਦੇਸ਼ ਤੇ ਨੇਕ-ਦਿਲ ਹੋ, ਆਪ ਜੀ ਨੇ ਨਨਕਾਣੇ ਸਾਹਿਬ ਆ ਕੇ ਸਾਡੇ ਸ਼ਹੀਦਾਂ ਨਾਲ ਜੋ ਹਮਦਰਦੀ ਕੀਤੀ ਹੈ, ਉਸ ਨਾਲ ਆਪ ਨੇ ਸਿਖ ਕੌਮ ਨੂੰ ਖ਼ੁਸ਼ ਕੀਤਾ ਹੈ, ਅਸੀਂ ਆਪ ਜੀ ਦੇ ਬੜੇ ਮਸ਼ਕੂਰ ਹਾਂ।"

ਇਸ ਵੇਲੇ ਝੱਬਰ ਦੀ ਕੰਡ ਪਿਛੇ ਮਨਾਰਡ ਸਾਹਿਬ ਅੰਗਰੇਜ਼ ਹੋਮ ਮੈਂਬਰ ਖਲੋਤਾ ਸੀ। ਉਹ ਇਨ੍ਹਾਂ ਦੇ ਮੋਢੇ ਤੇ ਹੱਥ ਨਾਲ ਥਾਪੜਾ ਦੇ ਕੇ ਆਖਦਾ ਸੀ : "ਸ਼ਾਬਾਸ਼ ਸ਼ਾਬਾਸ਼!" ਝੱਬਰ ਬੋਲੀ ਗਿਆ—

"ਸਾਹਿਬ ਬਹਾਦਰ, ਆਪ ਬੜੇ ਰੌਸ਼ਨ-ਦਿਮਾਗ ਅਫ਼ਸਰ ਹੋ, ਲਾਟ ਪੰਜਾਬ ਓਡਵਾਇਰ ਨੇ ਜੋ ਜਲ੍ਹਿਆਂ ਵਾਲੇ ਬਾਗ ਵਿਚ ਅੱਗ ਬਾਲੀ ਸੀ, ਆਪ ਉਸ ਨੂੰ ਆਪਣੀ ਲਿਆਕਤ ਨਾਲ ਬੁਝਾ ਰਹੇ ਹੋ।

"ਹੁਣ ਸਾਨੂੰ ਕੋਈ ਆ ਕੇ ਆਖਦਾ ਹੈ ਕਿ ਹਰਦੁਆਰ ਤੋਂ ੪ ਹਜ਼ਾਰ ਉਦਾਸੀ ਸਾਧੂ ਆ ਰਹੇ ਹਨ। ਕੋਈ ਆਖਦਾ ਹੈ ਕਿ ਭਟੀ ਪਏ ਤਿਆਰ ਹੁੰਦੇ ਹਨ, ਨਨਕਾਣੇ ਸਾਹਿਬ ਦਾ ਕਬਜ਼ਾ ਲੈਣ ਲਈ। ਸਾਡੇ ਦੋ ਸੌ ਜੁਆਨਾਂ ਨੇ ਜਾਨਾਂ ਦਿਤੀਆਂ ਹਨ, ਪਰ ਕਾਨੂੰਨ-ਸ਼ਿਕਨੀ ਨਹੀਂ ਕੀਤੀ, ਹੱਥ ਨਹੀਂ ਚੁਕਿਆ। ਹੁਣ ਜੇਕਰ ਸਾਡੇ ਪਾਸੋਂ ਕੋਈ ਧਕੇ ਨਾਲ ਕਬਜ਼ਾ ਲੈਣ ਲਈ ਆਇਆ ਤਾਂ ਅਸਾਂ ਹੁਣ ਚੁਪ ਨਹੀਂ ਕਰ ਰਹਿਣਾ, ਅਸੀਂ ਅਗੋਂ ਸਿਖਾਂ ਵਾਲੇ ਹੱਥ ਵਿਖਾਵਾਂਗੇ।"

ਲਾਟ ਸਾਹਿਬ ਨੇ ਸੁਣ ਕੇ ਗੱਡੀ ਵਿਚ ਬੈਠ ਕੇ ਤੇ ਸ: ਮਜੀਠੀਏ ਨੂੰ ਅੰਦਰ ਬੁਲਾ ਕੇ ਕਿਹਾ ਕਿ 'ਝੱਬਰ ਜਥੇਦਾਰ ਕੋ ਕਹਿ ਦੋ, ਕਿ ਅਮਨ ਰਖਨੇ ਕੇ ਜ਼ਿੰਮੇਵਾਰ ਹਮ ਹੈਂ। ਕੋਈ ਫਿਕਰ ਨਾ ਕਰੋ। ਹਮ ਕਲ ਸਿਖ ਫ਼ੌਜ ਕੋ ਯਹਾਂ ਭੇਜ ਦੇਂਗੇ।' ਬੋਰਨ ਸਾਹਿਬ ਸੀ. ਆਈ. ਡੀ. ਦਾ ਕਪਤਾਨ ਵੀ ਝੱਬਰ ਦੇ ਪਿਛੇ ਖਲੋਤਾ ਸੀ ਅਤੇ ਸੁਣ ਰਿਹਾ ਸੀ। ਇਸ ਨੇ ਅੰਗਰੇਜ਼ੀ ਵਿਚ ਕਿਹਾ ਕਿ ਦੇਖੋ, ਇਹ ਆਦਮੀ ਗਵਰਨਰ ਸਾਹਿਬ ਨੂੰ ਧਮਕਾਂਦਾ ਹੈ, ਇਸ ਲਈ ਕਿ ਇਹ ਕਾਲੇ ਪਾਣੀ ਤੋਂ ਹੋ ਆਇਆ ਹੈ। ਇਹ ਇਥੇ ਰਹਿਣ ਦੇ ਕਾਬਲ ਨਹੀਂ, ਇਸ ਨੂੰ ਕਾਲੇ ਪਾਣੀ ਹੀ



www.AKJ.Org

ਭੇਜਣਾ ਚਾਹੀਦੇ ।

੨੩ ਫ਼ਰਵਰੀ ੧੯੨੧ ਨੂੰ ਜੰਡ ਤੋਂ ਚੜ੍ਹਦੇ ਪਾਸੇ, ਜਿਥੇ ਅਗੇ ਸਿੰਘ ਸਾੜੇ ਗਏ ਸਨ, ਉਥੇ ਹੀ ਲਕੜਾਂ ਜੋੜ ਕੇ ਘਿਓ ਦੇ ਪੀਪੇ ਪਾ ਪਾ ਕੇ ਸਿੰਘਾਂ ਦੀਆਂ, ਕਿਸੇ ਦੀਆਂ ਲੱਤਾਂ, ਕਿਸੇ ਦੀਆਂ ਬਾਹਾਂ, ਸਭ ਉਪਰ ਰਖ ਕੇ ਅਰਦਾਸਾ ਸ੍ਰੀ ਮਾਨ ਪ੍ਰੋਫੈਸਰ ਜੋਧ ਸਿੰਘ ਨੇ ਕੀਤਾ । ਹਜ਼ਾਰਾਂ ਖਲੋਤੀਆਂ ਸਿਖ ਸੰਗਤਾਂ ਦੇ ਨੇਤਰਾਂ ਵਿਚੋਂ ਜਲ ਵਹਿ ਰਿਹਾ ਸੀ, ਤੇ ਲੰਬੂ ਲਾ ਕੇ ਸਸਕਾਰ ਕੀਤਾ ਗਿਆ । ਤੀਜੀ ਰਾਤ ਅੱਜ ਗੁਰਦਵਾਰੇ ਤੇ ਪਹਿਰਾ ਨਹੀਂ ਸੀ । ਪ੍ਰਸ਼ਾਦ ਛਕ ਕੇ ਪ੍ਰੇਮੀ ਬਾਉਲੀ ਵਿਚੋਂ ਪਾਣੀ ਕਢ ਕੇ ਗੁਰਦਵਾਰੇ ਦਾ ਫ਼ਰਸ਼, ਜੋ ਲਹੂ ਨਾਲ ਲਿਬੜਿਆ ਹੋਇਆ ਸੀ, ਧੋਣ ਲਗੇ । ਸਾਰੀ ਰਾਤ ਹੀ ਧੋਂਦੇ ਰਹੇ । ਸਵੇਰ ਨੂੰ ਫ਼ਰਸ਼ ਸਾਫ ਹੋਇਆ । ਕੀਰਤਨ ਰਸੀਏ ਸ੍ਰੀ ਮਾਨ ਹੀਰਾ ਸਿੰਘ ਜੀ ਰਾਗੀ ਫਰੂਕੇ ਵਾਲਿਆਂ ਨੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ।

ਉਪਰੰਤ ਕਮੇਟੀ ਨੇ ਸੰਗਤਾਂ ਵਲੋਂ ਆਈਆਂ ਤਾਰਾਂ ਖੋਲ੍ਹੀਆਂ, ਅਤੇ ਝੱਬਰ ਨੇ ਇਕ ਸਿੰਘ ਦੀ ਸੁਣਾਉਣ ਲਈ ਡਿਊਟੀ ਲਾਈ । ਇਨ੍ਹਾਂ ਵਿਚ ਇਕ ਤਾਰ ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਦੀ ਸੀ । ਤਾਰ ਸੰਗਤਾਂ ਨੂੰ ਪੜ੍ਹ ਕੇ ਸੁਣਾਉਣ ਲਈ ਆਖਿਆ ਗਿਆ । ਸ: ਅਮਰ ਸਿੰਘ ਝੁਬਾਲੀਆ ਬੋਲਿਆ, "ਖਾਲਸਾ ਜੀ, ਸਾਨੂੰ ਰਾਜਿਆਂ ਮਹਾਰਾਜਿਆਂ ਦੀ ਹਮਦਰਦੀ ਦੀ ਕੋਈ ਲੋੜ ਨਹੀਂ, ਇਹੋ ਜਿਹੀਆਂ ਤਾਰਾਂ ਏਥੇ ਨਹੀਂ ਸੁਣਾਉਣੀਆਂ ਚਾਹੀਦੀਆਂ ।"

ਪਰੰਤੂ ਝੱਬਰ ਨੇ ਕਿਹਾ ਕਿ "ਇਹ ਕੀ ਅਸੂਲ ਹੈ, ਇਕ ਸਿਖ ਰਾਜਾ ਹੋ ਕੇ ਮਨ ਨੂੰ ਨੀਵਾਂ ਕਰ ਕੇ, ਹੋਏ ਸ਼ਹੀਦਾਂ ਨਾਲ ਤੇ ਪੰਥ ਨਾਲ ਹਮਦਰਦੀ ਕਰਦਾ ਹੈ ਤਾਂ ਇਹ ਵੀ ਕੋਈ ਗੁਨਾਹ ਹੈ ? ਤਾਰ ਜ਼ਰੂਰ ਪੜ੍ਹੀ ਜਾਏ, ਕਿਉਂ ਨਾ ਪੜ੍ਹੀ ਜਾਏ !" ਅਖ਼ੀਰ ਤਾਰ ਪੜ੍ਹ ਕੇ ਸੁਣਾਈ ਗਈ । ਤਾਰ ਦਾ ਭਾਵ ਇਹ ਸੀ ਕਿ ਸ਼ਹੀਦਾਂ ਦੇ ਪਰਵਾਰਾਂ ਦੀ ਕਮੇਟੀ ਫ਼ਹਿਰਿਸਤ ਲਿਖ ਘਲੇ, ਮਹਾਰਾਜਾ ਪਟਿਆਲਾ ਸਭ ਦੀਆਂ ਪਿਨਸ਼ਨਾਂ ਲਗਾ ਦੇਵੇਗਾ ।

["ਜਥੇਦਾਰ ਭਾ: ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ | ੦-੭੫ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |

## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਗੁਰਮਤਿ ਬਿਬੇਕ | ੭-੫੦ |
| ਅਣਡਿਠੀ ਦੁਨੀਆ | ੧੦-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੧-੦੦ |

# ਗੁਰਮਤਿ ਸਾਹਿੱਤ ਤੇ ਬੀਰਤਾ

[ਡਾਕਟਰ ਤਾਰਨ ਸਿੰਘ ਜੀ]

ਗੁਰਮਤਿ ਸਾਹਿਤ ਦੀ ਸਰਵੋਤਮ ਸਰਬ ਪ੍ਰਿਥਮ ਪੋਥੀ ਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਸ਼ਾਹੀ ਫ਼ੌਜ ਦੀ ਚੜ੍ਹਾਈ ਦਾ ਨਕਸ਼ਾ ਨਹੀਂ ਬੰਨ੍ਹਿਆ ਹੋਇਆ, ਕਿਸੇ ਖ਼ੂਨੀ ਯੁਧ ਦਾ ਵਰਣਨ ਨਹੀਂ ਕੀਤਾ ਹੋਇਆ, ਸੂਰਮਿਆਂ ਨੂੰ ਲਲਕਾਰ ਨਹੀਂ ਸੁਣਾਈ ਹੋਈ, ਹਥਿਆਰਾਂ ਦੀ ਲਿਸ਼ਕ ਤੇ ਚਮਕ ਦਮਕ ਦੇ ਦਰਸ਼ਨ ਨਹੀਂ ਕਰਾਏ ਗਏ, ਪਰ ਫਿਰ ਵੀ ਚਿੰਨ੍ਹਾਤਮਕ ਤੇ ਅਲੰਕਾਰਕ ਰੂਪ ਵਿਚ ਇਸ ਮਹਾਨ ਗ੍ਰੰਥ ਵਿਚ 'ਗਗਨ ਦਮਾਮਾ' ਵਜਦਾ ਹੈ ਤੇ ਮਾਰੂ ਸੁਣਾਈ ਦਿੰਦਾ ਹੈ—"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥..... (੧੧੦੫)

ਇਸ ਗ੍ਰੰਥ ਵਿਚ ਸੂਰਮਿਆਂ ਨੂੰ ਵੰਗਾਰਿਆ-ਲਲਕਾਰਿਆ ਵੀ ਜਾ ਰਿਹਾ ਹੈ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥......(੧੪੧੨)

ਇਸ ਗ੍ਰੰਥ ਵਿਚ ਸੂਰਮਿਆਂ ਤੇ ਸ਼ਰਤ ਵੀ ਲਗਾਈ ਜਾ ਰਹੀ ਹੈ–"ਪਹਿਲਾਂ ਮਰਣੁ ਕਬੂਲਿ..." (੧੧੦੨)

ਗੁਰੂ ਅਰਜਨ ਸਾਹਿਬ ਅਜੀਬ ਪ੍ਰਕਾਰ ਦੇ ਹਥਿਆਰਾਂ ਦੀ ਪ੍ਰਦਰਸ਼ਨ ਵੀ ਕਰਾਂਦੇ ਹਨ—

"ਗਰੀਬੀ ਗਦੀ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥" (੬੩੮)

ਇਸ ਗ੍ਰੰਥ ਵਿਚ ਘਮਸਾਨ ਦਾ ਜੁੱਧ ਵੀ ਹੋ ਰਿਹਾ ਹੈ–

"ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ ।। ਲਥੇ ਭੜਥੂ ਪਾਏ ਗੁਰਮੁਖਿ ਮਚਿਆ ॥...(੧੨੮੦)

ਗੁਰੂ ਅਰਜਨ ਸਾਹਿਬ ਵੀ ਘਮਸਾਨ ਦੇ ਦਰਸ਼ਨ ਕਰਾਂਦੇ ਹਨ–"ਹਉ ਗੁਸਾਈ ਦਾ ਪਹਿਲਵਾਨੜਾ ॥...... ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰਿ ਥਾਪੀ ਦਿਤੀ ਕੰਡਿ ਜੀਉ ॥੧੮॥......(ਪੰਨਾ ੭੪)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੰਗ ਦੇ ਮਾਰੂ ਪ੍ਰਭਾਵਾਂ ਦਾ ਭੀ ਬਿਆਨ ਹੈ । ਸਾਰਾ ਕੁਝ ਖੇਰੂੰ ਖੇਰੂੰ ਹੋ ਜਾਂਦਾ ਹੈ ਜੰਗ ਮਗਰੋਂ ਸ਼ਹਿਰ ਉਜਾੜ ਹੋ ਜਾਂਦੇ ਹਨ–"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥......ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥ (ਪੰਨਾ ੪੧੭)

ਜੰਗ ਵਿਚ ਇਸਤ੍ਰੀਆਂ ਦੀ ਬੇਪਤੀ ਹੁੰਦੀ ਹੈ–"ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥...... ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥......(੪੧੭)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੁੱਧ ਦੇ ਸਾਰੇ ਵਰਣਨ ਆਏ ਹੋਏ ਹਨ, ਇਥੇ ਸੂਰਮੇ ਹਨ, ਦਮਾਮੇ ਵਜਦੇ ਹਨ, ਲੜਾਈਆਂ ਹੁੰਦੀਆਂ ਹਨ, ਹਾਰ ਜਿਤ ਹੁੰਦੀ ਹੈ, ਪਰ ਇਥੇ ਸੂਰਮਿਆਂ ਦਾ ਨਿਰਣਾ ਇਹ ਹੈ–' ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥...ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥ (੧੦੮੯)

ਅਤੇ ਆਮ ਸੰਸਾਰੀ ਕਥਾ ਵਿਚ ਲੜਨਾ ਸੂਰਮਤਾਈ ਨਹੀਂ ਹੈ—"ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥......ਅਹੰਕਾਰਿ ਮਰਹਿ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥ (੧੦੮੯)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਦਮਾਮਾ' ਗੁਰ-ਉਪਦੇਸ਼ ਦਾ ਵਜਦਾ ਹੈ, ਇਹ ਦਮਾਮਾ 'ਗਗਨ' ਰੂਪ 'ਦਸਮ ਦੁਆਰ' ਵਿਚ ਸੁਣਿਆ ਜਾਂਦਾ ਹੈ, ਮਨ-ਸੂਰਮਾ ਕਾਮ ਕ੍ਰੋਧ ਆਦਿ 'ਫੌਜ ਸਤਾਣੀ' ਨਾਲ ਜੂਝਨ ਲਈ ਉਤਰ ਆਂਦਾ ਹੈ, ਦੀਨ ਧਰਮ ਲਈ ਜੁਧ ਸ਼ੁਰੂ ਹੋ ਜਾਂਦਾ ਹੈ ਤੇ 'ਮਨਿ ਜੀਤੈ' ਨਾਲ 'ਜਗੁ' ਜਿਤਿਆ ਜਾਂਦਾ ਹੈ, ਸਰੀਰ ਖੇਤ ਵਿਚ । ਇਸ ਸਰੀਰ-ਖੇਤ ਦੇ ਜੰਗ ਵਿਚ ਪ੍ਰਭੂ-ਪ੍ਰੇਮ ਹੀ ਮਨੁਖ ਦੀ ਸਹਾਇਤਾ ਕਰਦਾ ਹੈ, ਇਸ ਲਈ 'ਪ੍ਰੇਮ' ਹੀ 'ਤੀਰ' ਦਾ ਕੰਮ ਦਿੰਦਾ ਹੈ, ਪ੍ਰਭੂ-ਸਿਫ਼ਤ ਹੀ ਕਮਾਨ ਦਾ ਕੰਮ ਦਿੰਦੀ ਹੈ, ਅਤੇ ਇਹ ਪ੍ਰੇਮ ਹੀ ਜਮ ਦੀ ਤਲਵਾਰ ਦੇ ਸਾਹਮਣੇ ਢਾਲ ਦਾ ਕੰਮ ਦਿੰਦਾ ਹੈ । ਇਸ ਜੰਗ ਵਿਚ 'ਗਰੀਬੀ' ਹੀ ਗਦਾ ਹੈ, ਨਿਮਰਤਾ ਹੀ ਖੰਡਾ ਹੈ। ਇਹ



www.AKJ.Org

ਨਿਰਾਲਾ ਹੀ ਜੰਗ ਹੈ, ਹੰਕਾਰੀ ਜੋਧਿਆਂ ਦਾ ਜੰਗ ਨਹੀਂ ਹੈ। ਗੁਰੂ ਦੀ 'ਥਾਪੀ' ਨਾਲ ਹੀ ਇਸ ਘੋਲ ਵਿਚ ਤੇ 'ਪੰਜ ਜੁਆਨਾ' (ਕਾਮਾਦਿਕ) ਨੂੰ ਹਰਾਇਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਇਸੇ 'ਰੱਣ ਤਤੇ' ਦਾ ਵਰਣਨ ਹੈ। ਮਨੁਖ ਦੇ ਅੰਦਰ ਹੀ ਦੋ ਫ਼ੌਜਾਂ ਹਨ—ਦੈਵੀ ਤੇ ਦੈਂਤੀ ਫ਼ੌਜ, ਤੇ ਅੰਦਰ ਹੀ ਘੋਲ ਹੈ—ਨੇਕੀ ਤੇ ਬਦੀ ਦਾ। ਇਹ ਜ਼ੰਗ ਇਤਨਾ ਸਦੀਵੀ ਤੇ ਸਰਬ-ਵਿਆਪੀ ਹੈ ਕਿ ਹਰ ਮਨੁਖ ਵਿਚ ਹਰ ਸਮੇਂ ਹੋ ਰਿਹਾ ਹੈ।

ਇਸ ਆਤਮਕ ਜੰਗ ਦੇ ਨਕਸ਼ੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਹਨ। ਇਥੇ ਸੂਰਮੇ ਉਹ ਹੀ ਹਨ, ਜੋ ਇਸ ਅੰਦਰੂਨੀ ਜੰਗ ਵਿਚ ਵਿਜਈ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਰਮਗਤੀ ਦੇ ਮਿਆਰ ਅਨੋਖੇ ਹਨ। ਸੂਰਮਾ ਉਹ ਹੈ ਜੋ ਕਾਮ ਨੂੰ ਪਛਾੜ ਸਕਦਾ ਹੈ, ਸੂਰਮਾ ਉਹ ਹੈ ਜੋ ਕ੍ਰੋਧ ਨੂੰ ਮਲ ਦਲ ਕੇ ਰਖ ਦਿੰਦਾ ਹੈ, ਸੂਰਮਾ ਉਹ ਹੈ ਜੋ ਹੰਕਾਰ ਨੂੰ ਮਾਰ ਸਕਦਾ ਹੈ, ਸੂਰਮਾ ਉਹ ਹੈ ਜੋ ਹੱਕ ਪਰਾਇਆ ਦੇਖ ਕੇ ਮਨ ਨੂੰ ਅਪਵਿਤਰ ਹੋਣੋਂ ਬਚਾ ਸਕਦਾ ਹੈ, ਸੂਰਮਾ ਉਹ ਹੈ ਜੋ ਜੂਠ ਨਾਲ ਜੀਭ ਨੂੰ ਸੂਤਕੀ 'ਅਪਵਿਤਰ' ਨਹੀਂ ਬਣਾਂਦਾ, ਜੋ ਪਰਤ੍ਰਿਅ, ਧਨ, ਰੂਪ ਨਾਲ ਅੱਖਾਂ ਨੂੰ ਅਪਵਿਤਰ ਨਹੀਂ ਕਰਦਾ, ਸੂਰਮਾ ਉਹ ਹੈ ਜੋ ਨਿਆਂ ਤੇ ਇਨਸਾਫ਼ ਲਈ ਸੀਸ ਦੇ ਦਿੰਦਾ ਹੈ, ਪਰ ਸਿਰੜ ਨਹੀਂ ਦਿੰਦਾ। 'ਸ਼ਹਾਦਤ' ਸੂਰਮਿਆਂ ਦਾ ਇਨਾਮ ਹੈ, ਇਹ ਸੂਰਮਿਆਂ ਦਾ ਹੱਕ ਹੈ—

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਣਿ ਪਰਵਾਣੋ ॥ (ਪੰਨਾ ੫੮੯)

ਪਰ ਸ਼ਹਾਦਤ ਭੂਮੀ-ਲਾਲਚ ਲਈ ਨਹੀਂ ਹੁੰਦੀ, ਇਹ ਤਾਂ ਨਿਆਂ ਲਈ ਲੜਨ ਵਾਲੇ ਦੀਨਾਂ ਦੁਖੀਆਂ ਦੀ ਰਖਿਆ ਕਰਨ ਵਾਲੇ ਲੋਕਾਂ ਨੂੰ ਪ੍ਰਾਪਤ ਹੁੰਦੀ ਹੈ। ਇਹ ਤੇ 'ਸੁਭ ਕਰਮਨ' ਲਈ ਤੱਤਪਰ ਰਹਿਣ ਵਾਲੇ ਲੋਕਾਂ ਦਾ ਇਨਾਮ ਹੈ, ਜਿਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਵਰ ਮੰਗਿਆ ਸੀ—

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

'ਸ਼ੁਭ ਕਰਮਨ' ਲਈ ਜੰਗ ਬਾਹਰ ਬੈਠੀਆਂ ਫ਼ੌਜਾਂ ਤੇ ਵੈਰੀਆਂ ਨਾਲ ਵੀ ਹੁੰਦੀ ਹੈ। ਪਰ ਇਹ ਜੰਗ ਉਹੀ ਕਰ ਸਕਦਾ ਹੈ, ਜਿਸ ਨੇ ਪਹਿਲੇ ਆਪਣੇ ਅੰਦਰਲੇ ਵੈਰੀਆਂ ਨੂੰ ਪਛਾੜ ਦਿਤਾ ਹੋਵੇ।

ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀਰ ਰਸ ਦੀ ਕਵਿਤਾ ਨਹੀਂ ਹੈ—ਉਸ ਰਸ ਦੀ, ਜੋ ਜੰਗਾਂ ਜੁਧਾਂ ਦੇ ਵਰਣਨ ਵਿਚੋਂ ਪ੍ਰਾਪਤ ਹੁੰਦਾ ਹੈ। ਇਥੇ 'ਸੱਚੀ ਬੀਰਤਾ' ਦਾ ਵਰਣਨ ਹੈ ਤੇ 'ਸੱਚੀ ਬੀਰਤਾ' 'ਸ਼ੁਭ ਕਰਮਨ' ਲਈ ਲੜਨਾ ਹੈ, ਸੱਚ ਤੇ ਦ੍ਰਿੜ੍ਹ ਰਹਿਣਾ ਹੈ। ਇਹ ਬੀਰਤਾ ਗੁਰੂ ਨਾਨਕ ਦੀ ਲਲਕਾਰ ਵਿਚ ਹੈ, ਅਤੇ ਉਸ ਦੇ ਸਾਰੇ ਕਿਰਦਾਰ ਵਿਚ ਹੈ। ਇਸੇ ਬੀਰਤਾ ਲਈ ਉਸ ਨੇ 'ਸਿਰ ਤਲੀ' ਤੇ ਰਖਣ ਲਈ ਕਿਹਾ ਹੈ, ਅਤੇ ਇਸੇ ਬੀਰਤਾ ਨੂੰ ਉਸ ਨੇ 'ਪ੍ਰੇਮ ਖੇਲਣਾ' ਕਿਹਾ ਹੈ। ਜਿਸ ਵੇਲੇ ਗੁਰੂ ਨਾਨਕ ਨੇ ਪਾਖੰਡ ਨੂੰ ਲਲਕਾਰਿਆ ਤਾਂ ਉਹ ਵੀ ਅਪਹੁੰਚ ਬੀਰਤਾ ਸੀ ਅਤੇ ਉਸ ਲਈ ਵੀ ਸਿਰ ਤਲੀ ਤੇ ਰਖਣ ਦੀ ਲੋੜ ਸੀ, ਜਦੋਂ ਉਸ ਨੇ ਬਾਬਰ ਨੂੰ 'ਪਾਪ ਕੀ ਜੰਞ' ਦਾ ਹਾਲ ਸੁਣਾਇਆ ਜਾਂ ਪਾਖੰਡੀਆਂ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ—

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥......

[ਆਸਾ ਕੀ ਵਾਰ, ਦੂਜਾ ਸਲੋਕ, ਪਉੜੀ ੧੬

ਸਾਰੇ ਹਿੰਦੁਸਤਾਨ ਵਿਚ ਪਸਰੀ ਕਾਇਰਤਾ ਨੂੰ ਇਸ ਤਰ੍ਹਾਂ ਵੰਗਾਰ ਸਕਣਾ ਹੀ ਸੂਰਮਗਤੀ ਹੈ। ਇਥੇ ਫੋਕਟ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੰਗਾਰਿਆ ਹੈ, ਆਪਣਾ ਸਿਰ ਤਲੀ ਤੇ ਰਖ ਕੇ। ਇਹ ਸੂਰਮਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੇ ਇਹ ਸੂਰਮਤਾ ਦਸੀ ਹੈ ਤੇ ਇਹੋ 'ਬੀਰ ਰਸ' ਉਪਜਾਇਆ ਹੈ।

ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੰਗਾਂ-ਜੁਧਾਂ ਅਤੇ ਬੀਰਤਾ ਦੇ ਵਰਣਨ ਨਹੀਂ ਹਨ ਤਾਂ ਵੀ ਸਾਰਾ ਸਿਖ ਇਤਿਹਾਸ ਜੁਧਾਂ ਦੀ ਇਕ ਅਮੁੱਕ ਲੜੀ ਹੈ। ਗੁਰੂ ਅਰਜਨ ਸਾਹਿਬ ਤੋਂ ਲੈ ਕੇ ਅਜ ਤੀਕ ਸ਼ਹੀਦਾਂ ਦੀ ਅਮੁੱਕ



www.AKJ.Org

ਲੜੀ ਤੁਰ ਰਹੀ ਹੈ। ਉਹ ਜੁਧ, ਜਿਨ੍ਹਾਂ ਵਿਚ ਖ਼ੂਨ ਦੇ ਹੜ੍ਹ ਵਗੇ ਹਨ, ਹਜ਼ਾਰਾਂ ਲੱਖਾਂ ਮਰੇ-ਮਾਰੇ ਗਏ ਹਨ। ਇਹ ਕੇਵਲ ਅੰਦਰੂਨੀ ਬੀਰਤਾ ਨਹੀਂ ਸੀ, ਇਹ ਤੇ ਰਣ-ਖੇਤਰ ਦੀ ਬੀਰਤਾ ਸੀ।......'ਸਿਖ' ਸੰਸਾਰ ਵਿਚ ਮੰਨਿਆ ਹੋਇਆ ਸਿਪਾਹੀ ਹੈ—ਜਦੋਂ ਆਪ ਅੰਗਰੇਜ਼ਾਂ ਨਾਲ ਲੜਿਆ ਤਦ ਵੀ ਅੰਗਰੇਜ਼ਾਂ ਨੇ ਉਸ ਦੀ ਬੀਰਤਾ ਨੂੰ ਮੰਨਿਆ, ਫਿਰ ਜਦੋਂ ਉਹ ਅੰਗਰੇਜ਼ਾਂ ਦੀ ਖ਼ਾਤਰ ਅਨੇਕ ਥਾਈਂ ਲੜਿਆ ਤਦ ਵੀ ਸੰਸਾਰ ਨੇ ਸਿਖ ਸਿਪਾਹੀ ਦੀ ਬੀਰਤਾ ਨੂੰ ਮੰਨਿਆ। ਉਸ ਨੇ ਅੰਗਰੇਜ਼ੀ ਸਰਕਾਰ ਨਾਲ ਮੋਰਚੇ ਲਾਏ, ਤਦ ਵੀ ਸੰਸਾਰ ਨੇ ਉਸ ਦੀ ਬੀਰਤਾ ਨੂੰ ਵੇਖਿਆ।

ਬੀਰਤਾ ਕੋਈ ਹਾਦਸਾ ਨਹੀਂ ਹੈ, ਇਹ ਸਦਾ ਹੀ ਧੁਰ ਅੰਦਰ ਦੇ ਆਚਰਨ ਦੀ ਨੀਂਹ ਤੇ ਆਧਾਰਤ ਹੁੰਦੀ ਹੈ ਅਤੇ ਆਚਰਨ ਸਦਾ ਗਿਆਨ ਤੇ ਆਧਾਰਤ ਹੁੰਦਾ ਹੈ। ਸਿਖ ਬੀਰਤਾ ਦਾ ਆਧਾਰ ਗਿਆਨ ਜਾਂ ਦਰਸ਼ਨ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤਾ ਹੈ, ਜੋ ਦਸਮ ਗ੍ਰੰਥ ਵਿਚ ਦਿਤਾ ਹੈ। ਇਸ ਗਿਆਨ ਦਾ ਧੁਰਾ ਇਹ ਹੈ—ਖਾਲਸਾ ਕਿਸੇ ਮਿਸ਼ਨ ਦੀ ਪੂਰਤੀ ਲਈ ਆਇਆ ਹੈ—

ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕੋ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥੨੯॥......
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ।੪੩॥ (ਬਚਿਤ੍ਰ ਨਾਟਕ)

ਸਿਖ ਸਤਿਗੁਰਾਂ ਨੂੰ ਇਸ ਮਿਸ਼ਨ ਦਾ ਅਹਿਸਾਸ ਰਹਿਆ ਹੈ ਕਿ ਉਨ੍ਹਾਂ ਨੇ ਧਰਮ ਅਸਥਾਪਣ ਕਰਨਾ ਹੈ ਅਤੇ ਦੁਸ਼ਟਾਂ ਨੂੰ ਖ਼ਤਮ ਕਰਨਾ ਹੈ। ਸਿਖ ਵੀ ਸਦਾ ਧਰਮ ਜੁਧ ਕਰਦੇ। ਦੁਸ਼ਟਾਂ ਨੂੰ ਖ਼ਤਮ ਕਰਨ ਦਾ ਮਿਸ਼ਨ ਹੀ ਉਹਨਾਂ ਨੂੰ ਬੀਰਤਾ ਪ੍ਰਦਾਨ ਕਰਦਾ ਰਿਹਾ ਹੈ।......

**ਅਰਦਾਸ—**

ਸਿਖ ਅਰਦਾਸ ਗੁਰਮਤਿ ਸਾਹਿਤ ਦਾ ਬੜਾ ਉਤਮ ਭਾਗ ਹੈ। ਇਸ ਪ੍ਰਾਰਥਨਾ ਵਿਚ ਸਿਖ 'ਸਰਬੱਤ ਦਾ ਭਲਾ' ਲੋਚਦਾ ਹੈ, ਪਰ ਧਰਮ ਲਈ ਜਾਨਾਂ ਵਾਰਨ ਵਾਲੇ ਮਹਾਂ ਪੁਰਸ਼ਾਂ ਦਾ ਧਿਆਨ ਧਰ ਕੇ। ਤੇਗ ਵਾਹੁਣ ਵਾਲਿਆਂ ਦੀ ਰੋਜ਼ ਅਰਦਾਸ ਹੁੰਦੀ ਹੈ—

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ... " (ਸੂਰਬੀਰਤਾ)। ਦੇਸ਼, ਧਰਮ, ਹੱਕ, ਨਿਆਂ ਤੇ ਸੱਚਾਈ ਲਈ ਕੁਰਬਾਨੀ ਹੀ ਸੂਰਬੀਰਤਾ ਹੈ। ਕੁਰਬਾਨੀ ਅਹਿੰਸਕ ਵੀ ਹੋ ਸਕਦੀ ਹੈ, ਹਿੰਸਕ ਰੂਪ ਵਿਚ ਵੀ।

ਸੋ ਗੁਰਮਤਿ ਸਾਹਿਤ ਵਿਚ ਪਹਿਲਾਂ ਅੰਦਰਲੀ ਸੂਰਬੀਰਤਾ ਦਾ ਧੁਰਾ ਕਾਇਮ ਕੀਤਾ ਹੈ। ਇਹ ਭਗਤੀ ਹੈ, ਫਿਰ 'ਸੁਭ ਕਰਮਨ' ਲਈ ਬਾਹਰਲੀ ਜੁੱਧਾਂ ਦੀ ਸੂਰਬੀਰਤਾ ਦਰਸਾਈ ਹੈ, ਇਹ ਸ਼ਕਤੀ ਹੈ। ਅੰਦਰਲੀ ਤੇ ਬਾਹਰਲੀ ਸੂਰਬੀਰਤਾ ਇਕ-ਸੁਰ ਹੋ ਜਾਂਦੀਆਂ ਹਨ ਤੇ ਪਰਮ ਪੁਰਖ, ਪੂਰਨ ਮਨੁੱਖ ਜਾਂ ਸੰਤ ਸਿਪਾਹੀ ਦੇ ਦਰਸ਼ਨ ਹੁੰਦੇ ਹਨ।

['ਸਿਖ, ਸਿਖੀ ਅਤੇ ਸਿਧਾਂਤ' ਪੁਸਤਕ ਵਿਚਲੇ ਲੇਖ ਵਿਚੋਂ

---


## ਗੁਰਬਾਣੀ ਰਹਿਤਨਾਮਾ (ਪ੍ਰਚਲਤ ਰਹਿਤਨਾਮਿਆਂ ਤੇ ਟਿਪਣੀ ਸਹਿਤ)

ਸਿੱਖੀ ਰਹਿਤ ਲਈ ਸਹੀ ਸੇਧ ਕੇਵਲ ਗੁਰਬਾਣੀ ਹੀ ਦੇਂਦੀ ਹੈ। ਇਸ ਟਰੈਕਟ ਵਿਚ ਗੁਰਬਾਣੀ ਦੀ ਸੇਧ ਵਿਚ ਸਿੱਖੀ ਰਹਿਤ ਦਰਸਾਈ ਗਈ ਹੈ। ਇਸ ਐਡੀਸ਼ਨ ਦੇ ਅੰਤ ਵਿਚ ਪੰਥ-ਵਿਰੋਧੀਆਂ ਵਲੋਂ ਗੁਰਮਤਿ-ਵਿਰੋਧੀ ਕੀਤੀ ਗਈ ਮਿਲਾਵਟ ਬਾਰੇ ਟਿਪਣੀਆਂ ਦੇ ਕੇ ਅਸਲੀਅਤ ਉਜਾਗਰ ਕੀਤੀ ਗਈ ਹੈ। ਭੇਟਾ ੧—੦੦





www.AKJ.Org

# ਮੌਤ ਕੀ ਹੈ ?

[ਗਿਆਨੀ ਮੇਵਾ ਸਿੰਘ ਜੀ, ਮੈਂਬਰ, ਧਰਮ ਪਰਚਾਰ ਕਮੇਟੀ]

ਮੌਤ ਇਕ ਅਟੱਲ ਸਚਾਈ ਹੈ। ਇਸ ਦੀ ਪਕੜ ਤੋਂ ਕੋਈ ਵੱਡਾ-ਛੋਟਾ, ਗ਼ਰੀਬ-ਅਮੀਰ, ਪੜ੍ਹਿਆ-ਅਨਪੜ੍ਹਿਆ, ਆਸਤਕ-ਨਾਸਤਕ ਬਚ ਨਹੀਂ ਸਕਿਆ, ਨ ਬਚ ਸਕੇਗਾ। ਗੁਰੁਵਾਕ ਹੈ—

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰੁ ॥੪੪॥ (ਪੰਨਾ ੯੩੬)

ਆਮ ਲੋਕ ਮੌਤ ਨੂੰ ਭਿਆਨਕ, ਡਰਾਉਣੀ ਤੇ ਦੁਖਦਾਈ ਮੰਨਦੇ ਹਨ। ਜਿਨ੍ਹਾਂ ਨੇ ਮੌਤ ਪੈਦਾ ਕਰਨ ਵਾਲੇ ਮਹਾਂ-ਕਾਲ 'ਅਕਾਲ ਪੁਰਖ' ਨਾਲ ਆਪਣਾ ਸਿੱਧਾ ਸੰਬੰਧ ਜੋੜਿਆ ਤੇ ਮੌਤ ਦੇ ਰਹੱਸ ਨੂੰ ਸਮਝਿਆ ਹੈ, ਉਹਨਾਂ ਨੇ ਆਪਣੇ ਵੀਚਾਰ ਵਖਰੇ ਪਰਗਟ ਕੀਤੇ ਹਨ—

ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੈ ਮਨਿ ਆਨੰਦੁ ॥੨੨॥ (ਪੰਨਾ ੧੩੬੫)

ਕਬੀਰ ਜੀ ਦੇ ਮੌਤ ਸੰਬੰਧੀ ਅਜਿਹੇ ਵੀਚਾਰ ਸੁਣ ਕੇ ਮਨੁਖੀ ਮਨ ਹੈਰਾਨੀ ਵਿਚ ਪੈ ਜਾਂਦਾ ਹੈ, ਇਸ ਗੱਲ ਨੂੰ ਸਿੱਧ ਕਰਨ ਲਈ ਸਹਾਰਾ ਭਾਲਦਾ ਹੈ। ਦਲੀਲ ਇਹ ਹੈ—ਛੋਟਾ ਬੱਚਾ, ਜਿਸ ਦੇ ਮਾਤਾ ਪਿਤਾ ਨੇ ਉਸ ਨੂੰ ਕਪੜੇ ਗਰਮੀ ਸਰਦੀ ਤੋਂ ਬਚਾਉਣ ਲਈ ਪਹਿਨਾਏ ਹੁੰਦੇ ਹਨ, ਜਦੋਂ ਮੈਲੇ ਕੁਚੈਲੇ ਹੋ ਜਾਂਦੇ ਹਨ ਜਾਂ ਫਟ ਜਾਂਦੇ ਹਨ, ਮਾਤਾ ਪਿਤਾ ਦੇ ਲਾਹੁਣ ਤੇ ਰੋਂਦਾ ਤੇ ਦੁਖੀ ਹੁੰਦਾ ਹੈ। ਇਹ ਉਸ ਦੀ ਨਾਦਾਨਤਾ ਹੈ। ਜੇ ਮਾਤਾ ਪਿਤਾ ਬੱਚੇ ਦੇ ਕਪੜੇ ਲਾਹੁੰਦੇ ਹਨ, ਮੈਲੇ-ਕੁਚੈਲਿਆਂ ਨੂੰ ਧੋਣ ਲਈ, ਫਟੇ ਹੋਇਆਂ ਨੂੰ ਬਦਲ ਕੇ ਨਵੇਂ ਪਾਉਣ ਲਈ ਐਸਾ ਕਰਦੇ ਹਨ ਤਾਂ ਇਸ ਵਿਚ ਬੱਚੇ ਦੀ ਭਲਾਈ ਤੇ ਬਿਹਤਰੀ ਹੈ, ਨੁਕਸਾਨ ਨਹੀਂ। ਜੇ ਬੱਚਾ ਦੁਖ ਮੰਨਦਾ ਹੈ ਤਾਂ ਉਸ ਦੀ ਸੂਝ ਦੀ ਘਾਟ ਕਹਿਣੀ ਚਾਹੀਦੀ ਹੈ। ਠੀਕ ਇਸੇ ਤਰ੍ਹਾਂ ਹਰ ਇਕ ਇਸਤ੍ਰੀ ਮਰਦ ਨੂੰ ਪਿਤਾ-ਪਰਮੇਸ਼ਰ ਨੇ ਦੇਹਾਂ ਦੇ ਕਪੜੇ ਦਿਤੇ ਹੋਏ ਹਨ। ਜਦੋਂ ਇਹ ਰੋਗਾਂ ਕਾਰਨ ਨਕਾਰੇ, ਬੁਢੇਪੇ ਕਾਰਨ ਪੁਰਾਣੇ ਹੋ ਜਾਂਦੇ ਹਨ, ਜਿਵੇਂ ਗੁਰਵਾਕ ਹੈ "ਭਇਆ ਪੁਰਾਣਾ ਚੋਲਾ"*, ਤਿਵੇਂ ਕਰਤਾ ਪੁਰਖ ਪੁਰਾਣੇ ਚੋਲੇ ਬਦਲ ਕੇ ਨਵਾਂ ਦੇਣ ਲਈ ਐਸਾ ਕਰਦਾ ਹੈ, ਜਿਸ ਨੂੰ ਅਸੀਂ ਮੌਤ ਕਹਿੰਦੇ, ਮੰਨਦੇ ਹਾਂ। ਦੇਹਾਂ ਨਾਲ ਅਗਿਆਨਤਾ ਕਾਰਨ ਸਾਡਾ ਮੋਹ ਪੈ ਜਾਂਦਾ ਹੈ, ਬਦਲੇ ਜਾਣ ਸਮੇਂ ਦੁਖ ਲਗਦਾ ਹੈ, ਜੋ ਨਹੀਂ ਹੋਣਾ ਚਾਹੀਦਾ ਹੈ।

ਛੋਟੇ ਬੱਚੇ ਵਾਂਗ ਵਡੀ ਉਮਰ ਦੇ ਮਨੁਖ ਦਾ ਭੀ ਧਾਰਮਿਕ ਬਚਪਨ ਹੀ ਹੈ ਜਦੋਂ ਇਨਸਾਨ ਗੁਰਬਾਣੀ ਦੇ ਗਿਆਨ ਰਾਹੀਂ ਜੀਵਨ-ਜਾਚ ਪ੍ਰਾਪਤ ਕਰਦਾ ਹੈ ਤਾਂ ਉਸ ਨੂੰ ਇਹ ਸਮਝ ਆ ਜਾਂਦੀ ਹੈ—ਆਤਮਾ ਅਮਰ ਹੈ, ਮੌਤ ਸਿਰਫ਼ ਚੋਲਾ ਬਦਲਣਾ ਹੈ, ਪੁਰਾਣੇ ਤੋਂ ਨਵਾਂ ਮਿਲ ਜਾਣਾ ਹੈ। ਜਿਸ ਤਰ੍ਹਾਂ ਬੱਚਾ ਸਿਆਣਾ ਹੋ ਕੇ ਸਾਫ਼ ਤੇ ਨਵੇਂ ਕਪੜੇ ਪਾ ਕੇ ਖੁਸ਼ ਹੁੰਦੇ ਹੈ, ਠੀਕ ਇਸੇ ਤਰ੍ਹਾਂ ਮਨੁਖ ਧਰਮ ਦੀ ਸਾਧਨਾ ਸਾਧਦਾ, ਨਾਮ-ਕਮਾਈ ਕਰਦਾ, ਧਾਰਮਿਕ ਤੌਰ ਤੇ ਸਿਆਣਾ ਹੋ ਕੇ ਇਸ ਰਹੱਸ ਨੂੰ ਸਮਝ ਲੈਂਦਾ ਹੈ—ਰੱਬ ਦੀ ਭੇਜੀ ਹੋਈ 'ਮੌਤ' ਮੇਰਾ ਪੁਰਾਣਾ ਚੋਲਾ ਲਾਹ ਕੇ ਨਵਾਂ ਦੇਵੇਗੀ, ਇਹ ਖੁਸ਼ੀ ਦਾ ਕਾਰਨ ਹੈ।

[ਗੁਰਦੁਆਰਾ ਵਾਟਰਲੂ ਕੈਂਬਰਿਜ, ਅਮਰੀਕਾ ਵਿਖੇ ਦਿਤੇ ਇਕ ਭਾਸ਼ਨ ਚੋਂ

* ਸਿਰੀਰਾਗੁ ਮਹਲਾ ੧, ਪੰਨਾ ੨੩

## ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

ਜੇਲ੍ਹ ਵਿਚ ਸ਼ਹੀਦ ਭਗਤ ਸਿੰਘ ਨਾਲ ਹੋਈ ਮੁਲਾਕਾਤ ਸਮੇਂ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਪ੍ਰਭਾਵ-ਸ਼ਾਲੀ ਬਚਨਾਂ ਨੇ ਉਸ ਨੂੰ ਨਾਸਤਕ ਤੋਂ ਆਸਤਕ ਬਣਾ ਦਿਤਾ ਅਤੇ ਕੇਸਾਂ ਦੀ ਦਸੀ ਮਹਾਨਤਾ ਅਨੁਸਾਰ ਉਹ ਸਿਖੀ ਸਰੂਪ ਵਿਚ ਫਾਂਸੀ ਚੜ੍ਹਿਆ।

ਟਰੈਕਟ ਭੇਟਾ ੦-੫੦



www.AKJ.Org

# ਕੀ ਮੌਤ ਉਤੇ ਕਾਬੂ ਪਾਣਾ ਸੰਭਵ ਹੈ ?

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ]

ਮੌਤ ਦੇ ਵਖ ਵਖ ਢੰਗਾਂ ਨਾਲ ਅਰਥ ਕੀਤੇ ਗਏ ਹਨ। ਆਮ ਵਿਚਾਰ ਅਨੁਸਾਰ, ਸਰੀਰ ਤੇ ਗਿਆਨ-ਇੰਦਰਿਆਂ ਦਾ ਖ਼ਤਮ ਹੋ ਜਾਣਾ 'ਮੌਤ' ਹੈ। ਸਿੱਖ ਗੁਰੂ ਸਾਹਿਬਾਨ ਅਨੁਸਾਰ, ਪ੍ਰਭੂ ਨੂੰ ਭੁਲ ਜਾਣਾ ਹੀ ਮੌਤ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ—

ਆਖਾਂ ਜੀਵਾਂ ਵਿਸਰੈ ਮਰਿ ਜਾਉ ॥ [ਆਸਾ ਮ: ੧, ਪੰਨਾ ੯

ਇਹ "ਵਾਹਿਗੁਰੂ ਨੂੰ ਭੁਲਣਾ" ਹੀ ਮਨੁਖ ਨੂੰ ਜਨਮ ਮਰਨ ਦੇ ਗੇੜ ਵਿਚ ਪਾ ਦੇਂਦਾ ਹੈ।

ਸਿੱਖ ਧਰਮ ਤਲਵਾਰ ਦੀ ਛਾਂ ਹੇਠ ਜੰਮਿਆ ਪਲਿਆ। ਖਾਲਸੇ ਦੀ ਸਿਰਜਨਾ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਸਿੱਖਾਂ ਦੀ ਹੀ ਮੰਗ ਕੀਤੀ ਜਿਹੜੇ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਹੋਣ। ਖਾਲਸੇ ਦੀ ਪੱਕੀ ਪਰਖ ਹੀ ਇਹ ਹੈ ਕਿ ਉਹ ਆਪਾ ਵਾਰਨ ਲਈ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦਾ ਹੈ। ਖਾਲਸਾ ਸਭ ਤੋਂ ਉਤਮ ਢੰਗ ਦੀ ਮੌਤ ਲੋਚਦਾ ਹੈ, ਤੇ ਉਹ ਹੈ ਪੰਥ, ਦੇਸ਼ ਜਾਂ ਧਰਮ ਦੀ ਖ਼ਾਤਰ ਵੈਰੀਆਂ ਵਿਰੁਧ ਲੜਦੇ ਹੋਏ ਰਣ-ਖੇਤਰ ਵਿਚ ਜੂਝ ਮਰਨਾ। ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ—

ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥

[ਚੰਡੀ ਚਰਿਤ੍ਰ ਉਕਤਿ ਬਿਲਾਸ

ਸਿੱਖ ਧਰਮ ਅਨੁਸਾਰ, ਸਰੀਰਕ ਮੌਤ ਨਾ ਹੀ ਦੁਖਦਾਈ ਹੈ ਤੇ ਨਾ ਹੀ ਭਿਆਨਕ। ਸਭ ਨੇ ਅਵੱਸ਼ ਮਰਨਾ ਹੈ, ਕਿਉਂਕਿ ਪੰਜ-ਭੂਤਕ ਸਰੀਰ ਨਾਸਵੰਤ ਹੈ। ਪਰ ਮਰਨ ਦਾ ਕੋਈ ਢੰਗ ਵੀ ਤਾਂ ਹੈ। ਮੌਤ ਸਾਹਮਣੇ ਆਉਂਦੀ ਦਿਸਦੀ ਹੋਵੇ ਤੇ ਫਿਰ ਅਡੋਲ ਰਹਿਣਾ, ਇਸ ਦਾ ਆਪਣਾ ਇਕ ਅਲੌਕਿਕ ਹੀ ਅਨੰਦ ਹੈ। ਵਡੇ ਤੋਂ ਵਡੇ ਤਸੀਹੇ ਵੀ ਇਕ ਸੱਚੇ ਸਿੱਖ ਨੂੰ ਡਰਾ ਨਹੀਂ ਸਕਦੇ। ਸਿਖ ਸ਼ਹੀਦਾਂ ਵਲ ਤਕੋ। ਬੰਦ ਬੰਦ ਕਟਵਾ ਲੈਣਾ, ਖੋਪਰੀ ਲੁਹਾ ਲੈਣੀ, ਆਰਿਆਂ ਨਾਲ ਦੋ ਫਾੜ ਹੋ ਜਾਣਾ, ਤੋਪ ਦੇ ਮੂੰਹ ਅਗੇ ਖਲੋ ਕੇ ਗੋਲਿਆਂ ਨਾਲ ਉਡਾਏ ਜਾਣਾ, ਰੇਲ ਦੇ ਇੰਜਣ ਥਲੇ ਆ ਕੇ ਮਿੱਝ ਕਢਾਉਣੀ, ਕੋਈ ਮਖੌਲ ਨਹੀਂ। ਇਹ ਸ਼ਹੀਦ ਹੀ ਹਨ ਜਿਨ੍ਹਾਂ ਨੇ ਸਹੀ ਅਰਥਾਂ ਵਿਚ ਮੌਤ ਤੇ ਕਾਬੂ ਪਾਇਆ ਹੈ।

ਜੋ ਜੀਵਨ ਜੀਉਣ ਦਾ ਸਹੀ ਢੰਗ ਜਾਣਦੇ ਹਨ ਉਹ ਮਰਨ ਦੇ ਵੀ ਸਹੀ ਢੰਗ ਜਾਣਦੇ ਹਨ। ਸਚਾ ਜੀਵਨ ਹੈ ਆਪਾ ਮਾਰਨਾ, ਹਉਮੈ ਨੂੰ ਖ਼ਤਮ ਕਰਨਾ ਤੇ ਵਾਹਿਗੁਰੂ ਦੀ ਰਜ਼ਾ ਵਿਚ ਜੀਉਣਾ। ਸੱਚਾ ਮਰਨਾ ਸੂਰਬੀਰਾਂ ਦੇ ਹਿੱਸੇ ਆਇਆ ਹੈ, ਕਿਉਂਕਿ ਉਹ ਕਿਸੇ ਉਚੇ ਮੰਤਵ ਲਈ ਜਾਨ ਵਾਰਦੇ ਹਨ। ਬਿਨਾਂ ਕਿਸੇ ਮੰਤਵ ਦੇ ਐਵੇਂ ਮਰੀ ਜਾਣਾ ਵਿਅਰਥ ਹੈ, ਉਸ ਨਾਲ ਕਿਸੇ ਨੂੰ ਕੋਈ ਲਾਭ ਨਹੀਂ ਹੁੰਦਾ।

ਮੌਤ ਨੂੰ ਜਿਤ ਲੈਣਾ, ਆਪਣੇ ਆਪ ਨੂੰ ਮੁਕਤੀ ਪ੍ਰਾਪਤ ਕਰਨ ਦੇ ਯੋਗ ਬਨਾਉਣਾ ਹੈ। ਆਮ ਮਨੁੱਖ ਲਈ ਮੌਤ ਇਕ ਹਊਆ ਹੈ। ਉਹ ਇਸ ਲਈ ਡਰਦਾ ਹੈ, ਕਿਉਂਕਿ ਉਸ ਨੇ ਆਤਮਕ ਪਧਰ ਤੇ ਕੋਈ ਉਨੱਤੀ ਨਹੀਂ ਕੀਤੀ ਹੁੰਦੀ। ਉਹ ਆਪਣੇ ਗੁਨਾਹਾਂ ਕਾਰਨ ਅਤੇ ਆਪਣੇ ਕੁਕਰਮਾਂ ਦੀ ਸਜ਼ਾ ਦੇ ਡਰ ਕਰਕੇ ਮੌਤ ਤੋਂ ਭੈ ਖਾਂਦਾ ਹੈ।

ਇਕ ਸੱਚਾ ਸਿਦਕੀ ਸਿੱਖ ਤਾਂ ਮੌਤ ਦਾ ਇੰਜ ਸੁਆਗਤ ਕਰਦਾ ਹੈ ਜਿਵੇਂ ਕਿਸੇ ਮਿੱਤਰ ਜਾਂ ਦਾਤੇ ਦਾ ਸੁਆਗ਼ਤ ਕਰੀਦਾ ਹੈ, ਕਿਉਂਕਿ ਉਹ ਉਚਿਓਂ ਉਚੇ ਪਰੀਪੂਰਨ ਪਰਮਾਤਮਾ ਨਾਲ ਮਿਲਾਪ ਲੋਚਦਾ ਹੈ। ਉਹ ਜਾਣਦਾ ਹੈ ਕਿ ਸਰੀਰਕ ਮੌਤ ਦੇ ਭੀੜੇ ਰਸ਼ਤੇ ਵਿਚੋਂ ਲੰਘ ਕੇ ਹੀ ਉਹ ਆਪਣੇ ਪਿਆਰੇ ਪ੍ਰਭੂ ਦੇ ਗਲ ਲਗ ਸਕੇਗਾ। ਮੌਤ ਈਸ਼ਵਰਤਾ ਤੇ ਅਨੰਤਤਾ ਦੇ ਮੰਡਲ ਵਿਚ ਵਿਚਰਨ ਲਈ ਇਕ ਰਸਤਾ ਹੈ—ਹੋਰ ਕੁਝ ਨਹੀਂ। ਪ੍ਰਭੂ-ਪਤੀ ਦੀ ਸੱਚੀ ਸੋਹਾਗਣ ਬਣਨ ਵਾਲਾ ਖ਼ਾਸ ਬਾਣਾ ਪਾਉਣ ਲਈ, ਇਹ ਨਾਸਵੰਤ ਸਰੀਰ ਰੂਪੀ ਬੰਧਨ ਤੋੜਨਾ ਹੀ ਪੈਂਦਾ ਹੈ।

[ਪੁਸਤਕ "ਗੁਰਸਿੱਖੀ ਕੀ ਹੈ ?" ਵਿਚੋਂ



www.AKJ.Org

# ਗੁਰਬਾਣੀ ਉਤਸ਼ਾਹਤ ਸਕੀਮ

'ਸੁਖਮਨੀ' ਪੰਜਵੇਂ ਗੁਰਦੇਵ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਰਦਿਓਂ ਉਪਜਿਆ ਰੱਬੀ ਨਾਦ ਹੈ, ਜੋ ਘੋਰ ਕਲਜੁਗ ਦੇ ਸਮੇਂ, ਦੁਖਾਂ ਕਲੇਸ਼ਾਂ ਨਾਲ ਭਰੇ ਸੰਸਾਰ ਵਿਚ ਜੀਵਾਂ ਲਈ ਸੁਖ ਸ਼ਾਂਤੀ ਦਾ ਸੋਮਾ ਹੈ। ਇਹ ਅਮੁਲੀਕ ਰਤਨਾਂ-ਲਾਲਾਂ ਦੀ ਖਾਣ ਹੈ, ਜੋ ਮਨੁਖ ਨੂੰ ਧਨਵੰਤ ਕੁਲਵੰਤ ਪਤਵੰਤ ਬਣਾ ਦੇਂਦੀ ਹੈ।

ਅਖੌਤ ਹੈ—ਸ਼ੇਰਨੀ ਦਾ ਦੁਧ ਸੋਨੇ ਦੇ ਭਾਂਡੇ ਵਿਚ ਹੀ ਸਮਾਅ ਸਕਦਾ ਹੈ। 'ਸੁਖਮਨੀ' ਦਾ ਅਨਹਦ ਨਾਦ ਵੀ ਭਗਤ ਜਨਾਂ ਦੇ ਨਿਰਮਲ ਤੇ ਸੂਛ ਹਿਰਦੇ ਵਿਚ ਹੀ ਵਾਸਾ ਕਰਦਾ ਹੈ। ਜਿਥੇ ਸੁਖਮਨੀ ਦਾ ਨਿਵਾਸ ਹੋ ਜਾਂਦਾ ਹੈ, ਓਥੇ ਖੇਮ, ਸ਼ਾਂਤਿ, ਰਿਧ, ਨਵ-ਨਿਧ ਦੀ ਲਹਿਰ ਬਹਿਰ ਲਗ ਜਾਂਦੀ ਏ।

ਅਸੀਂ ਲੋੜਾਂ ਥੋੜਾਂ ਵਾਲੇ ਗ੍ਰਿਹਸਤੀ ਸੁਖਮਨੀ ਦਾ ਆਸਰਾ ਤਕਦੇ ਹਾਂ। ਇਹ 'ਕਾਮਧੇਨ' ਜੂ ਹੋਈ। ਇਸ ਪਾਰਜਾਤ ਨੂੰ ਛਡਿ ਕੇ ਕੋਈ ਹੋਰਥੋਂ ਕਿਉਂ ਡਿਕੋ-ਡੋਲੇ ਖਾਏ? ਮੁਬਾਰਕ ਹਨ, ਜਿਨ੍ਹਾਂ ਨੇ 'ਸੁਖ+ਮਨੀ' ਨੂੰ "**ਅਪਨੇ ਲੋਭ ਕਉ ਕੀਨੋ ਮੀਤੁ**" ਜਾਣਿਆ ਹੈ। ਪਰ ਜਿਹੜੇ ਗੁਰੂ ਕੇ ਲਾਲ ਸੁਖਮਨੀ ਦੇ ਲੜ ਪ੍ਰਭੂ-ਦਰਸ਼ਨਾਂ ਦੀ ਪਿਆਸ ਅਧੀਨ ਲਗੇ ਹਨ, ਸਤਿਗੁਰੂ ਜੀ ਉਹਨਾਂ ਲਈ "ਨਾਨਕ ਤਾ ਕੈ ਬਲਿ ਬਲਿ ਜਾਸਾ" ਦੀ ਅਸੀਸ ਬਖਸ਼ਦੇ ਹਨ।

ਸੁਖਮਨੀ ਅਜਿਹੀ ਸੰਜੀਵਨੀ ਬੂਟੀ ਹੈ ਜੋ ਮਨੁਖ ਦੇ ਤਨ ਮਨ ਨੂੰ ਅਰੋਗ ਕਰ ਕੇ ਕੰਚਨਵੰਨਾ ਕਰ ਦਿੰਦੀ ਹੈ ਅਤੇ ਮਨੁੱਖ ਦੇ ਮੂਰਛਤ ਮਨ ਨੂੰ ਜਾਗ੍ਰਤ ਕਰ ਕੇ ਨਾਮ ਵਿਚ ਲਿਵਲੀਨ ਕਰਦੀ ਹੈ।

ਸੁਖਮਨੀ ਦਾ ਪਾਵਨ ਸੰਦੇਸ਼ ਸੁਣ ਕੇ ਕਰੋੜਾਂ ਨਿਰਗੁਣੀਆਰ ਇਆਣੇ ਸੁਘੜ ਸੁਜਾਨੰ ਹੋ ਨਿਬੜੇ ਹਨ। ਅਖੌਤੀ ਨੀਵੀਆਂ ਜਾਂਤਾਂ ਵਾਲੇ 'ਸੁਖਮਨੀ' ਦੀ ਬਰਕਤ ਨਾਲ ਸਾਧ, ਸੰਤ, ਬ੍ਰਹਮ ਗਿਆਨੀ ਵਰਗੇ ਪ੍ਰਧਾਨ ਪੁਰਖ ਬਣ ਕੇ ਚਹੁੰ ਕੁੰਟਾਂ ਵਿਚ ਪ੍ਰਸਿਧ ਹੋ ਗਏ ਹਨ। ਹੋਰ ਤਾਂ ਹੋਰ, ਧਰਮ ਰਾਜਾ ਉਹਨਾਂ ਦੀ ਸੇਵਾ ਲਈ ਹੱਥ ਬੰਨ੍ਹੀ ਖੜਾ ਰਹਿੰਦਾ ਹੈ। 'ਸੁਖਮਨੀ' ਸੱਚਖੰਡ ਵਿਚ ਜਾਣ ਲਈ ਸੱਚਾ ਨਿਸ਼ਾਨ ਹੈ, ਰਾਹਦਾਰੀ ਹੈ, ਪਾਸਪੋਰਟ ਹੈ।

ਕਰਤਾ ਪੁਰਖ ਨੇ ਸ਼ੁਭ ਫੁਰਨਾ ਬਖਸ਼ਿਆ ਹੈ ਕਿ ਸੱਚ ਦੇ ਵਪਾਰੀਆਂ ਨਾਲ ਰਲ ਮਿਲ ਕੇ ਪਿਊ ਦਾਦੇ ਦੇ ਅਖੁਟ ਖ਼ਜ਼ਾਨੇ ਵਿਚੋਂ, ਗੁਰੂ ਬਾਬੇ ਦੀ ਸ਼ਬਦ-ਟਕਸਾਲ ਵਿਚੋਂ ਕੁਝ ਕਿਨਕਾ ਪ੍ਰਾਪਤ ਕਰਨ ਦਾ ਜਤਨ ਕੀਤਾ ਜਾਵੇ। ਸੋ ਇਹ ਨਿਮਾਣਾ ਜਿਹਾ ਜਤਨ ਹੈ ਕਿ ਸਾਰੇ ਰਲ ਕੇ 'ਸੁਖਮਨੀ' ਸਾਗਰ ਵਿਚ ਡੂੰਘੀ ਟੁਭੀ ਮਾਰ ਕੇ ਰਤਨਾਂ ਲਾਲਾਂ ਨਾਲ ਭੰਡਾਰ ਭਰੀਏ ਤੇ ਇੰਜ ਜੀਵਨ-ਯਾਤਰਾ ਸਫਲ ਕਰੀਏ।

ਸ੍ਰੀ ਸੁਖਮਨੀ ਸਾਹਿਬ ਨਾਲ ਜੁੜਨ ਲਈ ਮਾਡਲ ਪ੍ਰਸ਼ਨ-ਪੱਤਰ ਨਾਲ ਨਥੀ ਹੈ। ਇਹਨਾਂ ਤੇ ਅਜਿਹੇ ਪ੍ਰਸ਼ਨਾਂ ਦੇ ਉਤਰ ਅਸਾਂ ਸਾਰਿਆਂ ਨੇ ਇਸ ਪਾਵਨ ਬਾਣੀ ਵਿਚੋਂ ਲਭਣੇ ਹਨ।

ਇਸ ਮੰਤਵ ਲਈ ਅਕਤੂਬਰ ੧੯੮੮ ਵਿਚ (ਅਸਲ ਤਰੀਕ ਸਤੰਬਰ ਵਿਚ ਦਸੀ ਜਾਏਗੀ) ਸ੍ਰੀ ਸੁਖਮਨੀ ਸਾਹਿਬ-ਪ੍ਰੀਖਿਆ ਰਖੀ ਜਾਵੇਗੀ।

ਅਸਲ ਪ੍ਰਸ਼ਨ-ਪੱਤਰ ਤੀਹ ਦੇ ਲਗ ਪਗ ਪ੍ਰਸ਼ਨਾਂ ਦਾ ਹੋਵੇਗਾ, ਜਿਨ੍ਹਾਂ ਦੇ ਲਿਖਤੀ ਉਤਰ ਤਿੰਨ ਘੰਟੇ ਦੇ ਸਮੇਂ ਵਿਚ ਦੇਣੇ ਹੋਣਗੇ। ਵੈਸੇ ਤਾਂ ਇਸ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਹਰੇਕ ਪ੍ਰੇਮੀ ਸਜਣ ਨੂੰ ਸਨਮਾਨਤ ਕੀਤਾ ਜਾਵੇਗਾ, ਪਰ ਸ੍ਰੀ ਸੁਖਮਨੀ-ਸਾਗਰ ਵਿਚ ਡੂੰਘੀ ਟੁੱਭੀ ਲਾ ਕੇ ਵਧੇਰੇ ਰਤਨ ਲਾਲ ਕਢਣ ਵਾਲੇ ਮਰਜੀਵੜੇ ਗੁਰਸਿਖਾਂ ਨੂੰ ਉਨ੍ਹਾਂ ਦੀ ਪ੍ਰਾਪਤੀ ਦੇ ਆਧਾਰ ਤੇ ੧੧੦੦/–, ੫੦੦/–, ੨੫੦/- ੧੫੦/–, ੧੦੧/– ਰੁਪਏ ਦੇ ਪੰਜ ਇਨਾਮ ਭੇਟਾ ਕੀਤੇ ਜਾਣਗੇ। ਉਪਰੋਕਤ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਪ੍ਰੇਮੀ ਆਪਣੇ ਨਾਂ ਤੇ ਪੂਰੇ ਪਤੇ ਸਥਾਨਕ ਖਾਲਸਾ ਸਕੂਲ, ਖਾਲਸਾ ਕਾਲਜ ਦੇ ਪ੍ਰਿੰਸੀਪਲ ਜਾਂ ਸ੍ਰੀ ਸੁਖਮਨੀ ਸਾਹਿਬ ਸੁਸਾਇਟੀ ਦੇ ਮੁਖੀਏ ਰਾਹੀਂ ਜਾਂ ਸਿਧੇ ਤੌਰ ਤੇ ਹੇਠ ਲਿਖੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰਨ।

ਪ੍ਰਾਰਥਕ—ਡਾਕਟਰ ਹਰਚਰਨ ਸਿੰਘ, ਕਨਵੀਨਰ

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟਰੱਸਟ, ੨੦–ਡਾਕਟਰ ਐਵਿਨੀਊ, ਮਜੀਠਾ ਰੋਡ, ਅੰਮ੍ਰਿਤਸਰ



www.AKJ.Org

* (ੳ) ਸ੍ਰੀ ਸੁਖਮਨੀ ਸਾਹਿਬ ਕਿਹੜੇ ਗੁਰੂ ਸਾਹਿਬ ਜੀ ਦੀ ਰਚਨਾ ਹੈ ? ਆਪ ਜੀ ਸਾਡੇ ਕਿਨਵੇਂ ਸਤਿਗੁਰੂ ਜੀ ਹਨ ?

(ਅ) ਸ੍ਰੀ ਸੁਖਮਨੀ ਸਾਹਿਬ ਜੀ ਦੀ ਰਚਨਾ ਕਿਸ ਅਸਥਾਨ ਤੇ ਕੀਤੀ ਗਈ ਸੀ ?

(ੲ) ਸ੍ਰੀ ਸੁਖਮਨੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਹੜੇ ਰਾਗ ਵਿਚ ਆਉਂਦੀ ਹੈ ?

(ਸ) 'ਸੁਖਮਨੀ' ਪਦ ਦੇ ਅਖਰੀ ਅਰਥ ਕੀ ਹਨ ? ਇਹ ਪਦ ਸ੍ਰੀ ਸੁਖਮਨੀ ਸਾਹਿਬ ਵਿਚ ਕਿੰਨੀ ਵਾਰੀ ਆਉਂਦਾ ਹੈ ? ਸਾਰੀਆਂ ਪੰਗਤੀਆਂ ਲਿਖੋ ।

(ਹ) ਸ੍ਰੀ ਸੁਖਮਨੀ ਸਾਹਿਬ ਦੀਆਂ ਕੁਲ ਕਿੰਨੀਆਂ ਅਸ਼ਟਪਦੀਆਂ ਹਨ ਅਤੇ ਹਰ ਅਸ਼ਟਪਦੀ ਵਿਚ ਕਿੰਨੇ ਕਿੰਨੇ ਪਦੇ ਹਨ ? ਅਤੇ ਹਰ ਪਦੇ ਦੀਆਂ ਕਿੰਨੀਆਂ ਕਿੰਨੀਆਂ ਤੁਕਾਂ ਹਨ ?

(ਕ) ਸ੍ਰੀ ਸੁਖਮਨੀ ਸਾਹਿਬ ਦੇ ਕੇਂਦਰੀ ਭਾਵ ਵਾਲੀ ਤੁਕ ਅਤੇ ਉਸ ਦੇ ਅਰਥ ਦਸੋ ।

* ਸ੍ਰੀ ਸੁਖਮਨੀ ਸਾਹਿਬ ਦਾ ਇਕ ਸਲੋਕ, ਨਿਤਨੇਮ ਦੀ ਇਕ ਬਾਣੀ ਵਿਚ ਆਏ ਸਲੋਕ ਨਾਲ ਮਿਲਦਾ ਜੁਲਦਾ ਹੈ । ਇਹ ਕਿਸ ਬਾਣੀ ਵਿਚ ਹੈ? ਦੋਹੀਂ ਥਾਈਂ ਆਏ ਸਲੋਕ ਦਾ ਫ਼ਰਕ ਦਸੋ ਅਤੇ ਸਲੋਕ ਦਾ ਅਰਥ ਵੀ ਲਿਖੋ।

* ਸ੍ਰੀ ਸੁਖਮਨੀ ਸਾਹਿਬ ਵਿਚ ਜੀਵ ਦੇ ਸਾਰੇ ਦੁਖਾਂ ਰੋਗਾਂ ਦਾ ਦਾਰੂ ਦਸਿਆ ਹੋਇਆ ਹੈ । ਉਹ ਕੀ ਹੈ ? ਸੰਬੰਧਤ ਪੰਗਤੀ ਦਾ ਹਵਾਲਾ ਦਿਓ ਅਤੇ ਘਟੋ ਘਟ ਪੰਜ ਪੰਗਤੀਆਂ ਅਜਿਹੀਆਂ ਲਿਖੋ ਜੋ ਦੁਖਾਂ ਰੋਗਾਂ ਦਾ ਦਾਰੂ ਦਸਦੀਆਂ ਹੋਣ ।

* ਮਨੁਖਤਾ ਦੇ ਦਰਦੀ ਸਤਿਗੁਰਾਂ ਨੇ ਸ੍ਰੀ ਸੁਖਮਨੀ ਸਾਹਿਬ ਵਿਚ ਮਨੁਖ ਦੀ ਹਰ ਪਖੋਂ ਊਣਤਾਈ, ਅਸਮ੍ਰਥਾ ਅਤੇ ਬੇ-ਵਸੀ ਦਸ ਕੇ ਵਾਹਿਗੁਰੂ ਦੇ ਚਰਨਾਂ ਵਿਚ ਮਨੁਖ ਲਈ ਰੱਬੀ ਮਿਹਰ ਅਤੇ ਤਰਸ ਲਈ ਤਰਲਾ ਮਾਰਿਆ ਹੋਇਆ ਹੈ । ਸੰਬੰਧਤ ਸਗਵੀਆਂ ਪੰਗਤੀਆਂ ਅੰਕਿਤ ਕਰੋ ।

* ਸ੍ਰੀ ਸੁਖਮਨੀ ਸਾਹਿਬ ਵਿਚ ਬੇਅੰਤ ਪ੍ਰਭੂ ਦੀ ਨਾਨਾ-ਪ੍ਰਕਾਰੀ ਰਚਨਾ ਦੀਆਂ ਵਖ ਵਖ ਸ਼੍ਰੇਣੀਆਂ ਦੇ ਕਰੋੜਾਂ ਜੀਵਾਂ, ਜੰਤੂਆਂ, ਅਤੇ ਵਸਤਾਂ ਆਦਿ ਦਾ ਵਰਨਣ ਕੀਤਾ ਹੋਇਆ ਹੈ । ਇਹਨਾਂ ਵਿਚੋਂ ਆਪ ਕਿਸ ਸ਼ਰੇਣੀ ਨੂੰ ਸਰਬ ਸਰੇਸ਼ਟ ਮੰਨਦੇ ਹੋ ਅਤੇ ਕਿਉਂ ? ਸਗਵੀਆਂ ਪੰਗਤੀਆਂ ਰਾਹੀਂ ਉਤਰ ਦਿਓ ।

* ਸ੍ਰੀ ਸੁਖਮਨੀ ਸਾਹਿਬ ਵਿਚ ਇਕ ਅਜਿਹੇ ਸਿਰਮੌਰ ਗੁਣ ਦਾ ਵਰਨਣ ਹੈ, ਜਿਸ ਨੂੰ ਧਾਰਨ ਕੀਤੇ ਬਗੈਰ ਲਖਾਂ ਪਦਾਰਥ ਹੁੰਦਿਆਂ ਸੁੰਦਿਆਂ ਮਨੁਖ ਦੀ ਤ੍ਰਿਪਤੀ ਨਹੀਂ ਹੁੰਦੀ । ਸਗਵੀਂ ਪੰਗਤੀ ਰਾਹੀਂ ਦਸੋ ਉਹ ਕਿਹੜਾ ਪ੍ਰਧਾਨ ਗੁਣ ਹੈ ?

* ਸ੍ਰੀ ਸੁਖਮਨੀ ਸਾਹਿਬ ਵਿਚ ਕੁਝ ਅਜਿਹੀਆਂ ਪੰਗਤੀਆਂ ਹਨ ਜਿਨ੍ਹਾਂ ਵਿਚ ਇਕ ਇਕ ਸ਼ਬਦ ਇਕੱਠਾ ਤ੍ਰੈ ਤ੍ਰੈ ਵਾਰੀ ਦੁਹਰਾਇਆ ਹੋਇਆ ਹੈ । ਉਹ ਪੰਗਤੀਆਂ ਲਿਖੋ । ਇਕ ਇਕ ਸ਼ਬਦ ਨੂੰ ਤ੍ਰੈ ਤ੍ਰੈ ਵਾਰੀ ਦੁਹਰਾਏ ਜਾਣ ਦਾ ਆਪ ਕੀ ਭਾਵ ਸਮਝਦੇ ਹੋ ?

* ਸ੍ਰੀ ਸੁਖਮਨੀ ਸਾਹਿਬ ਦਾ ਫ਼ੁਰਮਾਨ ਹੈ "ਸਾਧ ਜਨਾ ਕੀ ਅਚਰਜ ਕਥਾ" । ਇਸ ਸਲੋਕ ਨਾਲ ਸੰਬੰਧਤ ਅਸ਼ਟਪਦੀ ਵਿਚ 'ਸਾਧ' ਦੇ ਕੀ ਲਛਣ ਦਸੇ ਹੋਏ ਹਨ ਅਤੇ ਸਾਧ ਦੀ ਸੰਗਤਿ ਵਿਚੋਂ ਕੀ ਕੀ ਪ੍ਰਾਪਤੀ ਹੁੰਦੀ ਹੈ ? ਪ੍ਰਾਪਤੀ ਵਾਲੀਆਂ ਅਜਿਹੀਆਂ ੨੦ ਪੰਗਤੀਆਂ ਲਿਖੋ ।

* ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਏ 'ਬ੍ਰਹਮ ਗਿਆਨੀ' ਦੇ ਕੀ ਲਛਣ ਹਨ ? ਬ੍ਰਹਮ ਗਿਆਨੀ ਨੂੰ ਸਭ ਤੋਂ ਵੱਡੀ ਵਡਿਆਈ ਕੀ ਦਿਤੀ ਹੋਈ ਹੈ ?

* 'ਬੀਜ-ਮੰਤ੍ਰ' ਦਾ ਕੀ ਅਰਥ ਹੈ । ਸ੍ਰੀ ਸੁਖਮਨੀ ਸਾਹਿਬ ਵਿਚ ਕਿਹੜਾ ਬੀਜ ਮੰਤ੍ਰ ਦਰਸਾਇਆ ਹੋਇਆ ਹੈ ? ਇਹ ਕਿਥੋਂ ਮਿਲਦਾ ਹੈ ?



www.AKJ.Org

* ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਏ 'ਸਤਿਗੁਰੂ' ਦੇ ਕੀ ਲਛਣ ਹਨ ? ਸਤਿਗੁਰੂ ਪਾਤਸ਼ਾਹ ਆਪਣੇ ਸਿਖ ਦੀ ਕੀ ਕੀ ਸਹਾਇਤਾ ਕਰਦੇ ਹਨ ?
* ਸ੍ਰੀ ਸੁਖਮਨੀ ਸਾਹਿਬ ਵਿਚ ਥਾਂ ਥਾਂ ਨਾਮ ਦੀ ਮਹਿਮਾ ਗਾਈ ਹੋਈ ਹੈ। ਨਾਮ ਦੀ ਮਹਿਮਾ ਵਾਲੀਆਂ ੨੦ ਪੰਗਤੀਆਂ ਲਿਖੋ।
* ਨਾਮ ਮਨੁਖ ਦੀ ਬੜੀਆਂ ਬਿਖਮ ਹਾਲਤਾਂ ਵਿਚ ਸਹਾਇਤਾ ਕਰਦਾ ਹੈ। ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਏ ਉਹਨਾਂ ਬਿਖਮ ਅਸਥਾਨਾਂ ਦਾ ਵਰਨਣ ਕਰੋ, ਜਿਥੇ ਨਾਮ ਮਨੁਖ ਦੀ ਰਖਵਾਲੀ ਕਰਦਾ ਹੈ।
* ਗੁਰਬਾਣੀ ਦਾ ਫੁਰਮਾਨ ਹੈ 'ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ'। ਸ੍ਰੀ ਸੁਖਮਨੀ ਸਾਹਿਬ ਦੀਆਂ, ਨਾਨਾ ਪ੍ਰਕਾਰੀ ਕਰਮ-ਕਾਂਡ ਉਪਰ ਨਾਮ ਦੀ ਸਿਰਮੌਰਤਾ ਦਰਸਾਣ ਵਾਲੀਆਂ ਪੰਗਤੀਆਂ ਲਿਖੋ।
* ਸ੍ਰੀ ਸੁਖਮਨੀ ਸਾਹਿਬ ਵਿਚ ਕੁਝ ਮਿਥਿਆ ਵਸਤੂਆਂ ਦਾ ਵਰਨਣ ਕਰ ਕੇ ਨਾਲ ਹੀ ਇਕ ਅਸਥਿਰ ਵਸਤੂ ਦਾ ਵਰਨਣ ਵੀ ਕੀਤਾ ਹੋਇਆ ਹੈ। ਸਗਵੀਆਂ ਪੰਗਤੀਆਂ ਰਾਹੀਂ ਦਸੋ ਕਿ ਇਹ ਕਿਹੜੀਆਂ ਕਿਹੜੀਆਂ ਵਸਤਾਂ ਹਨ ?
* "ਪ੍ਰਸਾਦੁ' ਦਾ ਅਰਥ ਹੈ 'ਨਿਰੋਲ ਬਖਸ਼ਸ਼ ਵਜੋਂ ਮਿਲਿਆ ਦਾਨ'। ਦਾਤਾਰ ਪ੍ਰਭੂ ਦੇ ਪ੍ਰਸਾਦ ਕਰਕੇ ਮਨੁਖ ਨੂੰ ਅਨੇਕ ਅਮੁੱਲੇ ਪਦਾਰਥ ਮਿਲੇ ਹੋਏ ਹਨ। ਅਜਿਹੇ ਵੀਹ ਪਦਾਰਥ ਸ੍ਰੀ ਸੁਖਮਨੀ ਸਾਹਿਬ ਦੀਆਂ ਸਗਵੀਆਂ ਪੰਗਤੀਆਂ ਰਾਹੀਂ ਦਸੋ।
* ਸ੍ਰੀ ਸੁਖਮਨੀ ਸਾਹਿਬ ਵਿਚ ਬਾਰ ਬਾਰ ਆਏ ਵਾਕਾਂਸ਼ 'ਸੰਤ ਕੈ ਦੂਖਨਿ' ਦਾ ਕੀ ਅਰਥ ਹੈ ? ਅਤੇ ਇਸ ਦੋਸ਼ ਦੇ ਭਾਗੀ ਮਨੁਖ ਲਈ ਸ੍ਰੀ ਸੁਖਮਨੀ ਸਾਹਿਬ ਵਿਚ ਵਰਣਿਤ ਘਟੋ ਘਟ ਪੰਦਰਾਂ ਕਰੜੀਆਂ ਸਜ਼ਾਵਾਂ ਦਾ ਵਰਨਣ ਸਗਵੀਆਂ ਪੰਗਤੀਆਂ ਸਹਿਤ ਕਰੋ।
* ਸ੍ਰੀ ਸੁਖਮਨੀ ਸਾਹਿਬ ਦੀ ਸਤਵੀਂ ਅਸ਼ਟਪਦੀ ਨਾਲ ਸੰਬੰਧਕ ਸਲੋਕ ਇਸ ਤਰ੍ਹਾਂ ਹੈ—

  ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥ (੮॥੭॥)

  ਇਸ ਦੁਪੰਗਤੀ ਦਾ ਭਾਵ ਸਪੱਸ਼ਟ ਕਰੋ।
* ਸ੍ਰੀ ਸੁਖਮਨੀ ਸਾਹਿਬ ਵਿਚ ਜੀਵ ਨੂੰ ਦੂਜਾ-ਭਾਵ ਤਿਆਗ ਕੇ ਕੇਵਲ 'ਇਕ' ਨੂੰ ਦ੍ਰਿੜ੍ਹ ਕਰਨ ਦਾ ਉਪਦੇਸ਼ ਹੈ। ਸੰਬੰਧਤ ਸਗਵੀਆਂ ਪੰਗਤੀਆਂ ਅੰਕਤ ਕਰੋ। ਇਹ 'ਇਕ' ਕੇਵਲ ਗਿਣਤੀ ਦਾ ਹਿੰਦਸਾ ਹੈ ਜਾਂ ਇਸ ਦਾ ਕੋਈ ਗੂੜ੍ਹ ਭਾਵ ਹੈ ? ਸਪੱਸ਼ਟ ਕਰੋ।
* ਸ੍ਰੀ ਸੁਖਮਨੀ ਸਾਹਿਬ ਵਿਚ ਦਾਤਾਰ ਪ੍ਰਭੂ ਦੇ ਬਹੁ-ਪ੍ਰਕਾਰੀ ਉਪਕਾਰਾਂ ਦਾ ਵਰਨਣ ਕਰ ਕੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਏਡਾ ਵਡਾ ਦਾਤਾਰ ਮਨੁਖ ਨੂੰ ਕਿਉਂ ਵਿਸਰ ਜਾਏ ? ਸਗਵੀਆਂ ਪੰਗਤੀਆਂ ਸੰਬੰਧਤ ਅਸ਼ਟਪਦੀ ਤੇ ਪਦੇ ਦੇ ਹਵਾਲੇ ਨਾਲ ਲਿਖੋ।
* ਸ੍ਰੀ ਸੁਖਮਨੀ ਸਾਹਿਬ ਵਿਚ, ਨਾਮ ਨੂੰ ਮਨ ਕਰਕੇ ਸੁਨਣ ਸਦਕਾ ਮਿਲਣ ਵਾਲੇ ਕੁਝ ਫਲ ਵਰਨਣ ਕੀਤੇ ਹੋਏ ਹਨ। ਉਹ ਕਿਹੜੇ ਫਲ ਹਨ ?
* ਸ੍ਰੀ ਸੁਖਮਨੀ ਸਾਹਿਬ ਦੀਆਂ ਅਖੀਰਲੀਆਂ ਅਸ਼ਟਪਦੀਆਂ ਵਿਚੋਂ ਇਕ ਅਸ਼ਟਪਦੀ ਵਿਚ ਇਕ ਅਜਿਹਾ ਰਹੱਸ (ਭੇਤ ਵਾਲੀ ਗੱਲ) ਦਸਿਆ ਹੋਇਆ ਹੈ ਜਿਸ ਨੂੰ ਜਾਣ ਲੈਣ ਨਾਲ ਮਨੁਖ ਅਣਗਿਣਤ ਵਡਿਆਈਆਂ ਅਤੇ ਅਸੀਸਾਂ ਦਾ ਪਾਤਰ ਬਣ ਜਾਂਦਾ ਹੈ। ਉਹ ਕਿਹੜਾ ਭੇਤ ਹੈ ਤੇ ਉਸਦੇ ਜਾਣ ਲੈਣ ਨਾਲ ਕੀ ਕੀ ਵਡਿਆਈਆਂ ਅਸੀਸਾਂ ਮਿਲਦੀਆਂ ਹਨ ? ਸਗਵੀਆਂ ਪੰਗਤੀਆਂ ਰਾਹੀਂ ਦਸੋ।
* ਸ੍ਰੀ ਸੁਖਮਨੀ ਸਾਹਿਬ ਵਿਚ ਇਕ ਅਜਿਹੇ ਅਸਥਾਨ ਦਾ ਵਰਨਣ ਹੈ ਜੋ ਕਦੇ ਨਾਸ ਨਹੀਂ ਹੁੰਦਾ। ਉਹ ਕਿਹੜਾ ਅਚੱਲ ਅਸਥਾਨ ਹੈ ? ਜਿਹੜਾ ਵਡਭਾਗਾ ਮਨੁਖ ਉਥੇ ਪੁਜ ਜਾਏ, ਉਸ ਨੂੰ ਕੀ ਕੀ ਪ੍ਰਾਪਤੀ ਹੁੰਦੀ ਹੈ ? ਸਗਵੀਆਂ ਪੰਗਤੀਆਂ ਰਾਹੀਂ ਦਸੋ।



www.AKJ.Org

❋ ਗੁਰਬਾਣੀ ਦਾ ਫੁਰਮਾਨ ਹੈ "ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ"। ਕਰਤਾ ਪੁਰਖ ਦੀ ਸਰਬ-ਵਿਆਪਕਤਾ ਦੇ ਅਜਿਹੇ ਭਾਵ ਵਾਲੀਆਂ ਸ੍ਰੀ ਸੁਖਮਨੀ ਸਾਹਿਬ ਦੀਆਂ ਪੰਗਤੀਆਂ ਲਿਖੋ ਤੇ ਸੰਬੰਧਤ ਅਸ਼ਟਪਦੀ ਦਾ ਹਵਾਲਾ ਦਿਓ।

❋ ਸ੍ਰੀ ਸੁਖਮਨੀ ਸਾਹਿਬ ਵਿਚ ਇਹ ਭੇਤ ਖੋਲ੍ਹਿਆ ਹੋਇਆ ਹੈ ਕਿ ਪ੍ਰਭੂ ਦੇ ਨਉਨਿਧਿ ਨਾਮ ਦਾ ਅਖੁਟ ਖ਼ਜ਼ਾਨਾ ਮਨੁਖਾ ਸਰੀਰ ਦੇ ਅੰਦਰ ਹੀ ਹੈ। ਉਹ ਪੰਗਤੀਆਂ ਲਿਖੋ। ਜਦ ਇਹ ਖਜ਼ਾਨਾ ਹਰੇਕ ਦੇ ਅੰਦਰ ਹੈ ਤਾਂ ਫਿਰ ਮਨੁਖਤਾ ਦੁਖੀ ਕਿਉਂ ਹੈ ?

❋ ਸ੍ਰੀ ਸੁਖਮਨੀ ਸਾਹਿਬ ਦਾ ਫੁਰਮਾਨ ਹੈ "ਆਪਿ ਸਤਿ ਕੀਆ ਸਭੁ ਸਤਿ"। ਇਸ ਤੁਕ ਦਾ ਭਾਵ ਲਿਖੋ ਅਤੇ ਜਗ-ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ" ਨਾਲ ਮੇਲ ਕੇ ਸਪੱਸ਼ਟ ਕਰੋ।

❋ ਗੁਰੂ ਘਰ ਵਿਚ ਪ੍ਰਵੇਸ਼ ਕਰਨ ਅਤੇ ਨਿਵਾਸ ਕਰਨ ਲਈ ਕੀ ਕੀ ਸ਼ਰਤਾਂ ਸ੍ਰੀ ਸੁਖਮਨੀ ਸਾਹਿਬ ਵਿਚ ਦਰਸਾਈਆਂ ਹੋਈਆਂ ਹਨ ?

❋ ਸ੍ਰੀ ਸੁਖਮਨੀ ਸਾਹਿਬ ਦੀ ਸਗਵੀਂ ਪੰਗਤੀ ਦੇ ਹਵਾਲੇ ਨਾਲ ਉਤਰ ਦਿਓ :—

(ੳ) 'ਜੀਵਨ ਮੁਕਤ' ਪੁਰਸ਼ ਦੇ ਕੀ ਲਛਣ ਹਨ ? (ਅ) 'ਪ੍ਰਧਾਨ' ਪੁਰਖ ਕੌਣ ਹੈ ?

(ੲ) ਕਿਹੜਾ ਕਰਮ, ਧਰਮ, ਉਦਮ ਅਤੇ ਅਸਥਾਨ ਸਰਬ-ਸਰੇਸ਼ਟ ਹੈ ?

(ਸ) 'ਮੂਰਖੁ' 'ਅੰਧਾ' 'ਅਗਿਆਨੁ' ਕਿਸ ਨੂੰ ਕਿਹਾ ਗਿਆ ਹੈ ?

(ਹ) ਪ੍ਰਭੂ ਦੀ ਦਰਗਾਹ ਵਿਚ ਪਰਵਾਣ ਕੌਣ ਚੜ੍ਹਦਾ ਹੈ ?

(ਕ) 'ਮਸਕੀਨੀਆ' ਦਾ ਕੀ ਅਰਥ ਹੈ ਅਤੇ ਉਸ ਦੇ ਕੀ ਲਛਣ ਹਨ ?

(ਖ) ਅਕਾਲ ਪੁਰਖ ਦੀ ਉਸਤਤਿ ਕਰਨ ਦੀ ਕਿਹੜੀ ਜੁਗਤੀ ਦਸੀ ਗਈ ਹੈ ?

(ਗ) ਸਭ ਤੋਂ ਉਚਾ ਮਨੁਖ ਕੌਣ ਹੈ ? (ਘ) ਸਾਰ (ਸਰੇਸ਼ਟ) ਧਨੁ ਕਿਹੜਾ ਹੈ ?

(ਙ) ਮਨੁਖ ਅਮਰੁ ਕਿਵੇਂ ਹੋਵੇ ? (ਚ) ਭਟਕਦਾ ਮਨ ਟਿਕਾਅ ਵਿਚ ਕਿਵੇਂ ਆਵੇ ?

(ਛ) ਕਲਜੁਗ ਦੀ ਤਪਸ਼ ਸ਼ਾਂਤਿ ਕਿਵੇਂ ਹੋਵੇ ? (ਜ) ਆਵਾਗਵਨ ਕਿਵੇਂ ਮਿਟੇ ?

(ਝ) ਚਿਤ ਨਿਰਮਲ ਕਿਵੇਂ ਹੋਵੇ ? (ਞ) ਜਨਮ ਜਨਮਾਂਤ੍ਰਾਂ ਦੇ ਕਿਲਵਿਖ ਕਿਵੇਂ ਮਿਟਣ ?

(ਟ) ਚਿੰਤਾ ਤੋਂ ਛੁਟਕਾਰਾ ਕਿਵੇਂ ਮਿਲੇ ?

(ਠ) ਚਿਰਾਂ ਪਿਛੋਂ ਮੁਸ਼ਕਲ ਨਾਲ ਮਿਲੇ ਮਨੁਖ ਜਨਮ ਦਾ ਉਧਾਰ ਕਿਵੇਂ ਹੋਵੇ ?

(ਡ) ਅਗਿਆਨ-ਅੰਧੇਰਾ ਕਿਵੇਂ ਮਿਟੇ ? (ਢ) ਜੀਅ (ਰੂਹ) ਦਾ ਕੀ ਆਧਾਰ ਹੈ ?

(ਣ) ਪੰਜੇ ਵਿਕਾਰ ਵਸ ਵਿਚ ਕਿਵੇਂ ਆਉਣ ?

(ਤ) ਚਾਰ ਪਦਾਰਥਾਂ ਦੀ ਲਾਲਸਾ ਰਖਣ ਵਾਲਾ ਮਨੁਖ ਕੀ ਕਰੇ ?

(ਥ) ਹਲਤ ਪਲਤ ਵਿਚ ਸੋਭਾ ਕਿਵੇਂ ਮਿਲੇ ? (ਦ) ਤ੍ਰਿਸ਼ਨਾ ਕਿਵੇਂ ਬੁਝੇ ?

❋ ਹੇਠ ਲਿਖੇ ਪਦਾਂ ਦੇ ਅਰਥ ਦਸੋ :—ਸੁਖਮਨੀ, ਨਮਹ, ਸੁਧਾਖੁਰ, ਕਾਖੀ, ਦਾਸਨ ਦਸਨਾ, ਰਵਾਲਾ, ਪੁਨਹ-ਚਰਨ, ਤੋਸਾ, ਘਾਮ, ਆਕਰਖੈ, ਬਿਓਗ, ਸਤਾਣੀ, ਓਤਿ ਪੋਤਿ, ਪਾਰਜਾਤੁ, ਕਾਮਧੇਨ, ਦੁਰਤੁ, ਹੋਮੈ, ਤੁਲਿ, ਕਨਿਕ, ਅਸ੍ਵ, ਹੈਵਰ, ਸਮਸਰਿ, ਅਨੀਤਿ, ਭੀਤਿ, ਮੂਚ, ਧ੍ਰਾਪੈ, ਜਿਝੈ, ਡਾਨੈ, ਰੀਨਾ, ਚੀਨਾ, ਸ੍ਰੇਸਟ, ਅਪਿਆਉ, ਬਨਿਤਾ, ਮੁਗਧੁ, ਮਚੈ, ਸੂਮੁ, ਪਰਹਰੈ, ਬਲੂਆ, ਸੁਆਇ, ਬਿਖੋਟਿ, ਬਿਰਖ, ਬਟਾਊ, ਅਹੰਮੇਵ, ਪਟੰਬਰ, ਸਨੇਹੀ, ਛਿਦ੍ਰ, ਆਭੂਖਨ, ਮਿਲਖ, ਨੀਕੀ, ਜਾਤਿ, ਕਲੂਖਤ, ਸਮਾਨਿ, ਰੰਕ, ਪਵਾਨ, ਬਸੁੰਧਾ, ਬੇਤਾ, ਹੇਤਾ, ਮਹੇਸੁਰ, ਪਰਹਰੈ,ਬਾਸਨਾ, ਸੂਖਮ, ਅਸਥੂਲ, ਬਿਓਗ, ਕਿਰਪਨ, ਕਠੋਰ, ਅਭਿਗ, ਨਿਕੋਰ, ਹਿਰਹਿ, ਪਰਦੂਖਨਾ, ਕੋਟਿ, ਨਿਪਜਾਏ, ਸਸੀਅਰ, ਨਖੵਤ੍ਰ, ਦਾਨਵ, ਗਿਰੀ, ਮੇਰ, ਜਖੵ, ਕਿੰਨਰ, ਪਿਸਾਚ, ਮ੍ਰਿਗਾਚ, ਭਾਖੈ, ਨਰਕ-ਪਾਤੀ, ਸੁਆਨੁ, ਤ੍ਰਿਗਦ ਜੋਨਿ, ਅਤਤਾਈ, ਮੋਖ, ਪਾਵਕੁ; ਧ੍ਰਾਪੈ, ਤ੍ਰਿਸਟੈ, ਅਖਓ, ਫੈਲੁ, ਸਰਗੁਨ, ਨਿਰਗੁਨ, ਸਿਵ ਸਕਤਿ, ਪਾਖ, ਨਿਰਜੋਗ।



www.AKJ.Org

# ਪੰਜਵਾਂ ਕਕਾਰ ਕੇਸ ਕਿ ਕੇਸਕੀ ?

[ਪ੍ਰੋਫ਼ੈਸਰ ਉਦੇ ਸਿੰਘ, ਮੈਥੇਮੈਟਿਕਸ, ਲੌਰੇਨਟੀਅਨ ਯੂਨੀਵਰਸਿਟੀ, ਸੂਦਬਰੀ, ਔਨਟੇਰੀਓ, ਕੈਨੇਡਾ]

੧. ਸਿਖ ਇਤਿਹਾਸ ਵਿਚ ਜ਼ਰੂਰ ਪੜ੍ਹਦੇ ਹਾਂ ਕਿ ਕੇਸ ਕਕਾਰ ਹਨ । ਆਮ ਸਮਝਿਆ ਭੀ ਇਹੋ ਜਾਂਦਾ ਹੈ । ਪਰ ਸਿਖ ਇਤਿਹਾਸ ਵਿਚ ਦੋਖੀਆਂ ਦੇ ਪਾਏ ਅਨੇਕਾਂ ਹੋਰ ਭੁਲੇਖਿਆਂ ਚੋਂ ਇਹ ਭੀ ਇਕ ਭੁਲੇਖਾ ਹੀ ਹੈ, ਜਿਸ ਨੂੰ ਠੀਕ ਕਰਨ ਦੀ ਲੋੜ ਹੈ ।

੨. ਕਕਾਰ ਉਹ ਖ਼ਾਲਸਈ ਚਿੰਨ੍ਹ ਹਨ ਜਿਨ੍ਹਾਂ ਨੂੰ ਅੰਮ੍ਰਿਤਧਾਰੀ ਖਾਲਸੇ ਨੇ ਬਾਹਰੋਂ ਧਾਰਨ ਕਰਨਾ ਹੈ । ਪੰਜੇ ਖ਼ਾਲਸਈ ਕਕਾਰ ਮਨੁਖੀ ਕ੍ਰਿਤ ਹਨ ਤੇ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਹਨ । ਇਹ ਹਨ ਕਛਹਿਰਾ, ਕੜਾ, ਕੰਘਾ, ਕਿਰਪਾਨ ਅਤੇ ਕੇਸਕੀ ।

੩. ਪੁਰਾਤਨ ਸਾਰੇ ਸਿੰਘ ਸੀਸ ਤੇ ਦੂਹਰੇ ਦਸਤਾਰੇ ਸਜਾਂਦੇ ਸਨ । ਜਿਥੇ ਉਪਰਲਾ ਦਸਤਾਰਾ ਖ਼ਾਲਸਈ ਸਭਿਆ-ਚਾਰ ਦਾ ਚਿੰਨ੍ਹ ਹੈ, ਉਥੇ ਹੇਠਲੀ ਦਸਤਾਰ ਅਥਵਾ ਕੇਸਕੀ ਖ਼ਾਲਸਾ ਰਹਿਤ ਦਾ ਭਾਗ ਹੈ, ਤਾਂ ਜੁ ਕੇਸਾਂ ਦੀ ਹਰ ਸਮੇਂ ਸੰਭਾਲ ਰਵ੍ਹੇ । ਇਸੇ ਭਾਵਨਾ ਅਧੀਨ ਪੁਰਾਤਨ ਸਿੰਘਾਂ ਨੇ ਵਡੀ ਜਦੋ ਜਹਦ ਕਰ ਕੇ ਸਿੰਘਾਂ ਦੀ ਪ੍ਰਮਾਣਿਤ ਫ਼ੌਜੀ ਵਰਦੀ ਵਿਚ ਦਸਤਾਰ ਨਾਲ ਫ਼ਿਫ਼ਟੀ (ਅੱਧੀ ਦਸਤਾਰ) ਮਨਜ਼ੂਰ ਕਰਵਾਈ ਸੀ ।

੪. ਪੁਰਾਤਨ ਸਿੰਘਣੀਆਂ ਵੀ ਸੀਸ ਤੇ ਦੁਮਾਲੇ ਦਸਤਾਰੇ ਸਜਾ ਕੇ ਖਾਲਸਾ ਰਹਿਤ ਬਹਿਤ ਵਿਚ ਪਰਪੱਕ ਹੋ ਵਿਚਰਦੀਆਂ ਸਨ । ਗੋਰੇ ਇਤਿਹਾਸਕਾਰ ਮਿਸਟਰ ਕਨਿੰਘਮ ਨੇ ਇਸ ਤੱਥ ਦੀ ਸ਼ਾਹਦੀ ਭਰੀ ਹੈ—

"The Sikh women are distinguished from Hindus of their sex by some variety of dress chiefly by a higher top-knot of hair."

ਭਾਵ—ਸਿਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿਚ ਖ਼ਾਸ ਵਿਲੱਖਣਤਾ ਰਖਦੀਆਂ ਹਨ, ਜੋ ਕਿ ਉਨ੍ਹਾਂ ਦੇ ਸਿਰ ਉਤੇ ਕੇਸਾਂ ਦੇ ਜੂੜੇ ਤੋਂ ਸਪੱਸ਼ਟ ਤੌਰ ਤੇ ਪ੍ਰਗਟ ਹੁੰਦਾ ਹੈ ।

੫. ਕੇਸ ਤਾਂ ਜਨਮ ਤੋਂ ਹੀ ਸਰੀਰ ਨਾਲ ਬਣੇ ਹਨ । ਇਹ ਮਨੁਖੀ ਕ੍ਰਿਤ ਨਹੀਂ, ਵਾਹਿਗੁਰੂ ਜੀ ਦੀ ਦੇਣ ਹਨ । ਫਿਰ ਕੇਸ ਕਕਾਰਾਂ ਦੀ ਗਿਣਤੀ ਵਿਚ ਕਿਥੇ ?

੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੦੮੪ ਤੇ ਗੁਰ-ਫ਼ੁਰਮਾਨ ਹੈ—"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ" ਇਸਤ੍ਰੀ ਪੁਰਖ ਦੋਹਾਂ ਲਈ ਸਾਂਝਾ ਉਪਦੇਸ ਹੈ । ਇਸਤ੍ਰੀ ਪੁਰਖ ਦੇ ਸਿਰ ਤੇ ਕੇਸਾਂ ਦੀ ਹਰ ਵੇਲੇ ਦੀ ਸੰਭਾਲ ਲਈ ਧਾਰਨ ਕੀਤੀ ਕੇਸਕੀ (ਛੋਟੀ ਦਸਤਾਰ) ਕਕਾਰ ਹੀ ਤਾਂ ਹੈ, ਕਿਉਂਕਿ ਇਹ ਮਨੁਖੀ ਕ੍ਰਿਤ ਹੈ, ਤੇ ਹੈ ਭੀ ਸਦਾ ਧਾਰਨ ਕੀਤੇ ਜਾਣ ਵਾਲੀ ।

੭. ਐਲਬੀਨੋ (Albino) ਲੋਕ, ਜਿਨ੍ਹਾਂ ਦੇ ਸਾਰੇ ਸਰੀਰ ਤੇ ਵਾਲ ਨਹੀਂ ਹੁੰਦੇ, ਪੂਰੀ ਰਹਿਤ-ਮਰਯਾਦਾ ਮੰਨਦੇ ਹੋਏ ਭੀ ਅੰਮ੍ਰਿਤ ਨਹੀਂ ਛਕ ਸਕਣਗੇ, ਜੇ ਕੇਸਾਂ ਨੂੰ ਕਕਾਰ ਮੰਨੀਏ । ਜਾਂ ਫਿਰ ਉਹ ਚਾਰ ਕਕਾਰਾਂ ਵਾਲੇ ਸਿਖ ਹੋਣਗੇ ।

੮. ਅੰਮ੍ਰਿਤਧਾਰੀ ਸਿਖ ਦੇ, ਟਾਈਫ਼ਾਈਡ ਆਦਿਕ ਕਿਸੇ ਬੁਖ਼ਾਰ ਨਾਲ ਜੇ ਕੇਸ ਝੜ ਜਾਣ ਤਾਂ ਉਹ ਭੀ ਚਾਰ ਕਕਾਰਾਂ ਵਾਲਾ ਸਿਖ ਹੀ ਰਹਿ ਜਾਏਗਾ, ਜੇ ਕੇਸਾਂ ਨੂੰ ਕਕਾਰ ਮੰਨੀਏ ।

੯. ਕੰਘਾ ਲਕੜ ਦਾ ਹੋਣਾ ਚਾਹੀਦਾ ਹੈ, ਕਛਹਿਰੇ ਦੀ ਮੋਹਰੀ ਰੇਬਦਾਰ ਹੀ ਚਾਹੀਦੀ ਹੈ, ਕੜਾ ਸਰਬ-ਲੋਹ ਦਾ ਹੋਣਾ ਜ਼ਰੂਰੀ ਹੈ ਤੇ ਕਿਰਪਾਨ ਗਾਤਰੇ ਦੀ ਹੋਵੇ, ਏਸੇ ਤਰ੍ਹਾਂ ਕੇਸਕੀ ਬਾਰੇ ਭੀ ਹੁਕਮ ਹੈ ਕਿ ਉਹ ਕੇਸਾਂ ਦਾ ਪੂਰਨ ਕੱਜਨ ਹੋਵੇ, ਟੋਪੀ ਜਾਂ ਟੋਪੀ-ਨੁਮਾ ਨਾ ਹੋਵੇ ।

੧੦, ਫੇਰ ਪੰਜਾਂ ਕਕਾਰਾਂ ਵਿਚ ਕੇਸ ਸ਼ਾਮਲ ਕਰੀਏ ਤਾਂ ਕੇਵਲ ਕੇਸਾਂ ਦਾ ਸਰੀਰੋਂ ਅਲੱਗ ਕਰਨਾ ਹੀ ਬੱਜਰ



www.AKJ.Org

ਕੁਰਹਿਤ ਕਿਉਂ ਹੈ, ਜਦ ਕਿ ਬਾਕੀ ਕਕਾਰਾਂ ਦਾ ਸਰੀਰੋਂ ਵਖ ਕਰਨਾ ਸਾਧਾਰਨ ਭੁਲ ਹੈ। ਸਾਰੇ ਕਕਾਰਾਂ ਦੀ ਮਹੱਤਤਾ ਇਕ-ਸਾਰ ਹੈ । ਕਕਾਰਾਂ ਦੀ ਮਹੱਤਤਾ ਵਿਚ ਪਰਸਪਰ ਫ਼ਰਕ ਮੰਨਣਾ ਦੂਜੇ ਕਕਾਰਾਂ ਦਾ ਅਪਮਾਨ ਕਰਨ ਦੇ ਤੁਲ ਹੈ ।

੧੧. ਕੇਸਾਂ ਦੀ ਬੇਅਦਬੀ ਕਿਉਂਕਿ ਬੱਜਰ ਕੁਰਹਿਤ ਹੈ, ਏਸ ਕਰਕੇ ਸਰੀਰ ਤੋਂ (ਵਾਹਿਗੁਰੂ ਜੀ ਦੇ ਬਖਸ਼ੇ ਹੋਏ) ਕੇਸ ਉਤਾਰਨ ਦੀ ਮਨਾਹੀ ਤਾਂ ਸੁਤੇ ਹੀ ਹੋ ਗਈ । ਫੇਰ ਕੇਸਾਂ ਨੂੰ ਵਾਧੂ ਕਕਾਰ ਮੰਨਣ ਦੀ ਕੀ ਲੋੜ ? ਤੇ ਉਹਨਾਂ ਨੂੰ ਵਾਧੂ ਕਕਾਰ ਮੰਨਣ ਨਾਲ ਵਾਧੂ ਪ੍ਰਾਪਤੀ ਕੀ ਹੋਈ ?

੧੨. ਕੇਸ ਕੁਦਰਤੀ ਹੋਣ ਕਰਕੇ ਮਨੁਖ ਦੇ ਕੰਟਰੋਲ ਤੋਂ ਬਾਹਰ ਹਨ । ਏਸ ਕਰਕੇ ਬੀਮਾਰੀ ਨਾਲ ਉਤਰੇ ਹੋਏ ਕੇਸਾਂ ਬਾਰੇ ਪੰਜ ਪਿਆਰੇ ਪ੍ਰਾਣੀ ਨੂੰ ਇਹ ਹੁਕਮ ਨਹੀਂ ਦੇਂਦੇ ਕਿ ਝੱਟ ਪੱਟ ਮੁੜ ਕੇ ਕੇਸ ਉਗਾਓ । ਭਾਵ ਇਹ ਕਿ ਅੰਮ੍ਰਿਤਧਾਰੀ ਤੇ ਰਹਿਤਵਾਨ ਗੁਰਸਿਖ ਦੇ ਕੇਸ ਜੇ ਕਿਸੇ ਬੀਮਾਰੀ ਨਾਲ ਸਦਾ ਵਾਸਤੇ ਝੜ ਜਾਣ ਤਾਂ ਉਹ ਪਤਿਤ ਨਹੀਂ, ਕਿਉਂਕਿ ਉਸ ਨੇ ਕੇਸ ਆਪ ਨਹੀਂ ਉਤਾਰੇ । ਪਰ ਜੇ ਕੇਸਾਂ ਨੂੰ ਕਕਾਰ ਮੰਨੀਏ ਤਾਂ ਉਹ ਸਿਖ ਭੀ ਨਹੀਂ, ਕਿਉਂਕਿ ਉਸ ਦੇ ਕਕਾਰ ਪੂਰੇ ਨਹੀਂ । ਜਾਂ ਫਿਰ ਉਹ ਚਾਰ ਕਕਾਰਾਂ ਵਾਲਾ ਸਿਖ ਹੀ ਰਹੇਗਾ ।

੧੩. ਜਿਹੜੀ ਸਿੱਖੀ ਹੈ ਹੀ ਕੇਸਾਂ ਸਵਾਸਾਂ ਨਾਲ, ਉਸ ਸਿੱਖੀ ਵਿਚ ਕੇਸ, ਸਵਾਸਾਂ ਤੁਲ, ਪ੍ਰਾਣਾਂ ਤੁਲ ਤੇ ਜਾਨ ਤੁਲ ਹਨ । ਤੇ ਸਰੀਰ ਉਪਰ ਕੇਸ ਲਾਉਣ ਦੀ ਕਿਰਿਆ, ਸਰੀਰ ਵਿਚ ਸਾਹ ਪਾਉਣ ਵਾਲੇ ਵਾਹਿਗੁਰੂ ਜੀ ਨੇ ਕੇਵਲ ਆਪਣੇ ਹੱਥ ਹੀ ਰਖੀ ਹੋਈ ਹੈ । ਦੂਜੇ ਪਾਸੇ ਕਕਾਰ ਹੁੰਦੇ ਹੀ ਮਨੁਖੀ ਕ੍ਰਿਤ ਹਨ। ਏਸ ਤਰ੍ਹਾਂ ਕੇਸ ਕਕਾਰ ਕਿਦਾਂ ਹੋਏ ?

੧੪. ਕੰਘਾ ਕੇਸਾਂ ਦੀ ਸਫਾਈ ਵਾਸਤੇ, ਕਿਰਪਾਨ ਧਰਮ ਦੀ ਰੱਖਿਆ ਲਈ, ਕਛਹਿਰਾ ਜਤ ਦੀ ਰੱਖਿਆ ਲਈ ਤੇ ਕੜਾ ਜੁੱਧ ਸਮੇਂ ਗੁਟ ਦੀ ਰੱਖਿਆ ਲਈ ਹੈ । ਏਸੇ ਤਰ੍ਹਾਂ ਕੇਸਕੀ ਕੇਸਾਂ ਦੀ ਸਾਂਭ ਸੰਭਾਲ ਲਈ ਹੈ। ਇਹ ਕੇਸਾਂ ਦੇ ਫ਼ੈਸ਼ਨਾਂ ਦੀ ਰੋਕ ਥਾਮ ਵੀ ਕਰਦੀ ਹੈ ।

੧੫. ਏਸ ਕਰਕੇ ਕੇਸ ਕਕਾਰ ਨਹੀਂ, ਸਗੋਂ ਕਕਾਰਾਂ ਤੋਂ ਉਪਰ ਗੁਰਸਿਖ ਲਈ ਜਾਨ ਸਮਾਨ ਪ੍ਰਾਣ ਹਨ । ਕੇਸ ਹਨ ਤਾਂ ਉਹ ਗੁਰੂ ਕਾ ਸਿਖ ਹੈ, ਕੇਸਾਂ ਤੋਂ ਬਿਨਾਂ ਉਹ ਸਿੱਖੀ ਤੋਂ ਖ਼ਾਰਜ ਹੈ । ਕਕਾਰ ਕੇਸਕੀ ਹੀ ਹੈ, ਜੋ ਨਿਰੰਤਰ ਸੀਸ ਤੇ ਧਾਰਨ ਕੀਤੀ ਜਾਂਦੀ ਹੈ ।

੧੬. ਹੁਕਮ ਤਾਂ ਹੈ ਕਿ ਕੇਸਾਂ ਨੂੰ ਗੁਰੂ ਕੀ ਮੁਹਰ ਜਾਣ ਕੇ ਪਿਆਰਿਆ ਤੇ ਸਤਿਕਾਰਿਆ ਜਾਵੇ, ਪਰ ਸਿਖ ਧਾਰਮਿਕ ਆਗੂਆਂ ਦੀ ਮੁਜਰਮਾਨਾ ਅਣਗਹਿਲੀ ਅਤੇ ਫ਼ੈਸ਼ਨ ਦੀ ਰੋੜ੍ਹ ਕਾਰਨ, ਸਿਖ-ਯੁਵਤੀਆਂ ਵਲੋਂ ਕੇਸ ਜਿਨਸੀ ਖਿੱਚ ਦਾ ਸਾਧਨ ਬਣਾਏ ਜਾ ਰਹੇ ਹਨ । ਏਦੋਂ ਵਧ ਕੇਸਾਂ ਦਾ ਅਤੇ ਕੇਸਾਂ ਦੇ ਵਾਲੀ ਦਾ ਨਿਰਾਦਰ ਹੋਰ ਕੀ ਹੋਵੇ !

੧੭. ਕੇਸਕੀ ਵਲੋਂ ਬੇਮੁਖਤਾ ਦਾ ਸਿੱਟਾ ਹੀ ਹੈ ਕਿ ਸਿਖ ਤ੍ਰੀਮਤਾਂ ਨੰਗੇ ਸਿਰੀਂ, ਜਲੇਬੀ ਜੂੜੇ, ਪੋਨੀ ਟੇਲਾਂ ਤੇ ਹੋਰ ਨਾਨਾ ਪ੍ਰਕਾਰੀ ਫ਼ੈਸ਼ਨ ਕਰੀ ਫਿਰਦੀਆਂ ਹਨ । ਅੱਜ ਕਲ੍ਹ ਤਾਂ ਕੇਸ ਕਟਾ ਕੇ ਪਟੇ ਬਣਾਉਣ ਦਾ ਅਤੇ ਮੁੰਨ ਤ੍ਰਾਸ਼ ਕੇ ਭਰਵੱਟੇ ਬਣਾਉਣ ਦਾ ਰਿਵਾਜ ਬਹੁਤ ਜ਼ੋਰਾਂ ਤੇ ਹੈ । ਗੁਰਦਵਾਰੇ ਨਿਤ ਦੀ ਹਾਜ਼ਰੀ ਭਰਨ ਵਾਲੇ ਪਰਵਾਰਾਂ ਦੀਆਂ ਬੀਬੀਆਂ ਵੀ ਘਰੋਂ ਗੁਰਦਵਾਰੇ ਤਕ ਅਤੇ ਗੁਰਦਵਾਰਿਓਂ ਘਰ ਤਕ ਨੰਗੇ ਸਿਰੀਂ ਹੀ ਆਂਦੀਆਂ ਜਾਂਦੀਆਂ ਹਨ । ਪ੍ਰਕਾਸ਼ ਦਾੜ੍ਹੇ ਤੇ ਕਿਰਪਾਨ-ਧਾਰੀ ਸਿੰਘਾਂ ਨਾਲ ਉਹਨਾਂ ਦੀਆਂ ਅਰ-ਧੰਗੀਆਂ ਤੇ ਬੱਚੀਆਂ ਨੰਗੇ ਸਿਰੀਂ ਬਜ਼ਾਰਾਂ ਵਿਚ ਬੜਾ ਭੱਦਾ ਤੇ ਹਾਸੋਹੀਣਾ ਦ੍ਰਿਸ਼ ਪੇਸ਼ ਕਰਦੀਆਂ ਹਨ ।

੮੦ ਫ਼ੀ ਸਦੀ ਬੱਚੇ ਸਿਰ ਤੇ ਸਕਾਰਫ਼ ਬੰਨ੍ਹੀ ਜਾਂ ਟੋਪੀਆਂ ਪਾਈ ਨਜ਼ਰ ਆਉਂਦੇ ਹਨ । ਜੇ ਸਿਖ ਆਗੂ ਅਜੇ ਭੀ ਨਾ ਸੰਭਲੇ ਤਾਂ ਆਉਂਦੀ ਸਦੀ ਵਿਚ ਸਿਵਾਏ ਕੇਸਕੀ ਰਹਿਤ ਵਾਲੀਆਂ ਬੀਬੀਆਂ ਦੇ ਕਿਸੇ ਦੇ ਸਿਰ ਤੇ ਕੱਜਣ ਨਹੀਂ ਰਹੇਗਾ ।



www.AKJ.Org

# ਸਿੱਖੀ

[ਪ੍ਰੋਫੈਸਰ ਮੋਹਨ ਸਿੰਘ ਜੀ]

ਉਹ ਕਿਹੜਾ ਬੂਟਾ ਏ ?
ਹਰ ਥਾਂ ਜੋ ਪਲਦਾ ਹੈ–
ਆਰੇ ਦੇ ਦੰਦਿਆਂ ਤੇ,
ਰੰਬੀਆਂ ਦੀਆਂ ਧਾਰਾਂ ਤੇ,
ਖ਼ੈਬਰ ਦੇ ਦਰਿਆਂ ਵਿਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿਚ,
ਰੋੜਾਂ ਵਿਚ, ਰਕੜਾਂ ਵਿਚ,
ਬੰਜਰਾਂ ਵਿਚ, ਝੱਖੜਾਂ ਵਿਚ,
ਗੜਿਆਂ ਵਿਚ, ਮੀਹਾਂ ਵਿਚ,
ਸਰਹੰਦ ਦੀਆਂ ਨੀਹਾਂ ਵਿਚ,
ਜਿਥੇ ਵੀ ਲਾ ਦਈਏ,
ਓਥੇ ਹੀ ਪਲਦਾ ਏ,
ਜਿਤਨਾ ਇਹ ਛਾਂਗ ਦਈਏ,
ਉਤਨਾ ਇਹ ਫਲਦਾ ਏ।
ਉਹ ਕਿਹੜਾ ਬੂਟਾ ਏ ?
ਭੁਖਿਆਂ ਤਰਿਹਾਇਆਂ ਨੂੰ
ਜੋ ਫਲ ਖਵਾਂਦਾ ਏ !
ਥਕਿਆਂ ਤੇ ਟੁਟਿਆਂ ਨੂੰ
ਛਾਂ ਵਿਚ ਸਵਾਂਦਾ ਏ !
ਜਿਹੜਾ ਵੀ ਸ਼ਰਨ ਲਵੇ
ਉਸ ਤਾਈਂ ਬਚਾਂਦਾ ਏ !
ਜੇ ਝੱਖੜ ਆ ਜਾਵੇ,
ਜੇ ਨੇਰ੍ਹੀ ਆ ਜਾਵੇ,
ਅਬਦਾਲੀ ਆ ਜਾਵੇ,
ਕੋਈ ਨਾਂਦਰ ਆ ਜਾਵੇ,
ਮਾਸੂਮ ਗੁਟਾਰਾਂ ਨੂੰ,
ਬੇਦੋਸੀਆਂ ਚਿੜੀਆਂ ਨੂੰ,
ਬੇਲੋਸੀਆਂ ਘੁੱਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ;
ਇਹ ਤੁਰਤ ਛਪਾ ਲੈਂਦਾ,
ਇਹ ਆਹਲਣੇ ਪਾ ਲੈਂਦਾ,
ਤੇ ਰਾਖਾ ਬਣ ਬਹਿੰਦਾ।

ਪੈਰ ਇਸ ਦੇ ਧਰਤੀ ਤੇ,
ਪਰ ਆਪ ਉਚੇਰਾ ਏ :
ਜੇਲ੍ਹਾਂ ਦੀਆਂ ਕੋਠੜੀਆਂ,
ਜ਼ੰਜੀਰਾਂ ਹੱਥਕੜੀਆਂ,
ਇਹ ਰੱਸੇ ਫਾਂਸੀ ਦੇ,
ਤੇ ਤੜੀਆਂ ਰਾਜ ਦੀਆਂ,
ਜਾਗੀਰਾਂ ਦੇ ਚਕਮੇ,
ਸਰਦਾਰੀ ਦੇ ਤਕਮੇ,
ਦੁਨੀਆ ਦੀਆਂ ਤੰਗ-ਦਿਲੀਆਂ,
ਤੋੜਾਂ ਤੇ ਪਾਰਟੀਆਂ,
ਗੁਮਰਾਹੀਆਂ, ਰੰਗ-ਰਲੀਆਂ,
ਤੇ ਕੂੜੀਆਂ ਝੰਗ ਦੀਆਂ,
ਇਹਦੇ ਗੋਡਿਓਂ ਥੱਲੇ ਨੇ,
ਇਹਦੇ ਗਿਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ।
ਜਿਥੇ ਦਿਲ ਇਸ ਦਾ ਏ,
ਜਿਥੇ ਸਿਰ ਇਸ ਦਾ ਏ,'
ਉਹ ਥਾਂ ਉਚੇਰੀ ਏ,
ਉਹ ਖੁਲ੍ਹੀ ਹਵਾ ਵਿਚ ਏ,
ਉਹ ਪਾਕ ਫ਼ਿਜ਼ਾ ਵਿਚ ਏ,
ਉਹ ਖ਼ਾਸ ਖ਼ੁਦਾ ਵਿਚ ਏ।
ਜਿਥੇ ਨਾ ਵੈਰ ਕੋਈ,
ਜਿਥੇ ਨਾ ਗ਼ੈਰ ਕੋਈ।
ਕੀ ਹੋਇਆ ਜੇ ?
ਅਜ ਸ਼ਾਖ਼ਾਂ ਏਸ ਦੀਆਂ,
ਅਜ ਲਗਰਾਂ ਏਸ ਦੀਆਂ,
ਆਪੋ ਵਿਚ ਪਾਟ ਗਈਆਂ,
ਆਪੋ ਵਿਚ ਤਿੜਕ ਪਈਆਂ,
ਕੋਈ ਪੂਰਬ ਚਲੀ ਗਈ,
ਕੋਈ ਪੱਛਮ ਚਲੀ ਗਈ;
ਕੋਈ ਪਿੰਡੀ ਮੱਲ ਬੈਠੀ,
ਕੋਈ ਭੈਣੀ ਜਾ ਬੈਠੀ,
ਪਰ ਮੁੱਢ ਤਾਂ ਇਕੋ ਏ,
ਪਰ ਖ਼ੂਨ ਤੇ ਸਾਂਝਾ ਏ !

["ਸਾਵੇ ਪਤਰ" ਵਿਚੋਂ ਧੰਨਵਾਦ ਸਹਿਤ



www.AKJ.Org

# ਰਹੁ-ਰੀਤਾਂ ਨੂੰ ਰਖੋ ਬਰਕਰਾਰ ਸਿਖੋ

[ਸ: ਅਤਰ ਸਿੰਘ ਨੀਰ, ਐਮ, ਆਈ, ਜੀ, 289 ਏ/ਕੇਊ. ਯੂ. ਪੀਤਮਪੁਰਾ, ਦਿਲੀ—34]

ਛਿਕੇ ਟੰਗ ਕੇ ਸਿਖੀ ਅਸੂਲ ਸਾਰੇ, ਤਾਲਾ ਸਿਖ ਆਦਰਸ਼ਾਂ ਨੂੰ ਮਾਰਿਆ ਏ।
ਭੁਲੀਆਂ ਸਭ ਰਵਾਇਤਾਂ, ਉਚ ਉਦੇਸ਼ ਭੁਲੇ, ਮੁਢ ਆਪਣਾ ਸਾਰਾ ਵਿਸਾਰਿਆ ਏ।
ਵਕਤੀ ਲਾਭ ਨੂੰ ਰਖਿਆ ਮੁਖ ਪਹਿਲਾਂ, ਐਸਾ ਮਾਇਆ ਨੇ ਜਾਲ ਪਸਾਰਿਆ ਏ।
ਨਿਸ਼ਾਨਾ ਸਿਰਫ਼ ਹੈ ਪਦਵੀਆਂ ਕੁਰਸੀਆਂ ਦਾ, ਭਲਾ ਪੰਥ ਦਾ ਨਾ ਵੀਚਾਰਿਆ ਏ।
ਇਟ ਇਟ ਦੀ ਬਣੀ ਮਸੀਤ ਵਖਰੀ, ਹੰਨੇ ਹੰਨੇ ਤੇ ਹੋਈਆਂ ਸਰਦਾਰੀਆਂ ਨੇ।
ਅਗੇ ਆ ਕੇ ਆਗੂਆਂ ਅੱਗ ਲਾਈ, ਗਈਆਂ ਫੂਕੀਆਂ ਪ੍ਰੇਮ-ਫੁਲਵਾੜੀਆਂ ਨੇ।

ਨ ਕੋਈ ਕਰਮ ਨਾ ਧਰਮ ਨਾ ਸ਼ਰਮ ਰਿਹਾ, ਪਾਰਟੀ ਇਕ ਤੇ ਟੁਕੜੇ ਹਜ਼ਾਰ ਹੋ ਗਏ।
ਹਰ ਇਕ ਟੁਕੜੀ ਦਾ ਨਾਂ ਹੈ ਪੰਥ ਰਖਿਆ, ਮੋਹਰੀ ਇਨ੍ਹਾਂ ਦੇ ਪੰਥਕ ਜਥੇਦਾਰ ਹੋ ਗਏ।
ਮੁਰੱਵਤ ਮਾਨ ਨਾ ਕੋਈ ਵੀ ਮਨਾਂ ਅੰਦਰ, ਇਕ ਦੂਜੇ ਤੋਂ ਵਧ ਉਡਾਰ ਹੋ ਗਏ।
ਗੁਰੂ-ਦੁਆਰ ਦੀ ਰਹੀ ਨਾ ਕੋਈ ਇਜ਼ਤ, ਐਡੇ ਘਟੀਆ ਸਿਖ ਕਿਰਦਾਰ ਹੋ ਗਏ।
ਅਕਾਲ ਤਖ਼ਤ ਕੇਂਦਰ ਸਿਖ ਸ਼ਕਤੀਆਂ ਦਾ, ਧਰਮ ਭਾਵਨਾ ਜਿਥੇ ਫਲਦੀ ਫੁਲਦੀ ਸੀ।
ਸਿਖ ਵਿਸ਼ਵਾਸ ਦੀ ਹਰ ਇਕ ਅੜੀ ਗੁੰਝਲ, ਇਸੇ ਤਖ਼ਤ ਉਤੇ ਆ ਕੇ ਖੁਲ੍ਹਦੀ ਸੀ।

ਉਸ ਤਖ਼ਤ ਦੀ ਹੈਫ਼ ਅਜ ਕਦਰ ਕੋਈ ਨਾ, ਫੋਕੀ ਚੌਧਰ ਦੇ ਪਿਛੇ ਪ੍ਰਵਾਹ ਕੋਈ ਨਾ।
ਪਾਟੋਧਾੜ ਵਿਚ ਰੁਲ ਰਹੀ ਜਥੇਦਾਰੀ, ਰਹੀ ਅੰਦਰ ਦੀ ਸਿਕ ਤੇ ਚਾਹ ਕੋਈ ਨਾ।
ਸੂਝਵਾਨ ਵਿਦਵਾਨ ਬਜ਼ੁਰਗ ਦਾਨਿਆਂ ਲਈ,ਉਥੇ ਪੁਜਣ ਲਈ ਦਿਸਦਾ ਰਾਹ ਕੋਈ ਨਾ।
ਗੁਰਮਤ ਗਿਆਨ ਦਾ ਧੁਰਾ ਹੁਣ ਟੁਟ ਰਿਹਾ,ਰੋਕਾਂ ਪਾਣ ਲਈ ਜੁਰਤ, ਉਮਾਹ ਕੋਈ ਨਾ।
ਜਿਸ ਤਖ਼ਤ ਦੇ ਹੁਕਮ ਨੂੰ ਮੰਨ ਕੇ ਤੇ, ਕੋੜੇ ਰਾਜਿਆਂ ਨੇ ਖਾਣੇ ਮਨਜ਼ੂਰ ਕੀਤੇ।
ਹੈ ਅਫ਼ਸੋਸ ਕਿ ਅਜ ਖ਼ੁਦਗਰੀਜ਼ਆਂ ਨੇ, ਉਹਦੀ ਮਹਾਨਤਾ ਦੇ ਸੰਕਲਪ ਚੂਰ ਕੀਤੇ।

ਜ਼ਰਾ ਮਾਰ ਖਾਂ ਪਿਛਾਂ ਨੂੰ ਝਾਤ ਵੀਰਾ, ਕਿਵੇਂ ਸਿਖੀ ਦਾ ਉਚਾ ਪਰਭਾਉ ਹੈਸੀ।
ਨਿਰਕਪਟ ਨਿਸ਼ਕਾਮ ਨਿਰਇਛਕ ਹੋ ਕੇ, ਸੇਵਾ ਕਰਨ ਦਾ ਕਿੰਨਾ ਕੁ ਚਾਉ ਹੈਸੀ।
ਰਖਣਾ ਸਿੱਖੀ ਆਦਰਸ਼ ਨਿਸ਼ਾਨ ਉਚਾ, ਹਰ ਇਕ ਦਿਲ ਵਿਚ ਕਿੰਨਾ ਲਗਾਉ ਹੈਸੀ।
ਜੈਤੋ ਗੰਗਸਰ ਨਨਕਾਣਾ ਗੁਰੂ ਕੇ ਬਾਗ ਅੰਦਰ,ਸ਼ਹੀਦੀਆਂ ਪਾਣ ਦਾ ਕਿੰਨਾ ਭਾਉ ਹੈਸੀ।
ਆਜ਼ਾਦੀ ਦੇਸ਼ ਦੀ ਦੇ ਲਈ ਹੱਸ ਹੱਸ ਵੀਰਾ, ਸੌ ਮੋਏ ਤਾਂ ਅੱਸੀ ਸਿਖ ਹੈਸਨ।
ਸਭ ਤੋਂ ਮੂਹਰੇ ਅਗਲੀ ਕਤਾਰ ਅੰਦਰ,ਸ਼ਹੀਦੀ ਪਾਣ ਦੇ ਲਈ ਅਗੇ ਹੋ ਸਿਖ ਹੈਸਨ।

ਵਿਚ ਜਮਾਤ ਦੇ ਹੀ ਹੈ ਕਰਾਮਾਤ ਹੁੰਦੀ, ਫੁਹੀਂ ਫੁਹੀਂ ਭਰ ਕੇ ਤੇ ਹੈ ਤਾਲ ਹੁੰਦਾ।
ਇਕ ਇਕ ਇਟ ਜੁੜ ਕੇ ਬਣਦਾ ਮਹਿਲ ਸੁੰਦਰ,ਅਗੇ ਜਿਸਦੇ ਬਲਹੀਣ ਭੁਚਾਲ ਹੁੰਦਾ।
ਤਿਖੇ ਵਹਿਣ ਦਰਿਆਵਾਂ ਦੇ ਰੁਕਦੇ ਨੇ, ਰੋੜਾ ਰੋੜਾ ਮਿਲ ਕੇ ਜਦੋਂ ਹੈ ਢਾਲ ਹੁੰਦਾ।
ਕਲਾ ਕਲਾ ਹੈ ਤੀਲਿਆਂ ਵਾਂਗ ਰੁਲਦਾ, ਤੀਲਾ ਤੀਲਾ ਮਿਲ ਛਪਰ ਵਿਸ਼ਾਲ ਹੁੰਦਾ।
ਰਹੋ ਜੁੜ ਜੁੜ ਕੇ, ਬੈਠੋ ਮਿਲ ਮਿਲ ਕੇ, ਸਿਖ ਲੋ ਰਹੁਰੀਤਾਂ ਨੂੰ,ਰਖੋ ਬਰਕਰਾਰ ਸਿਖੋ।
ਇਕ ਦੂਜੇ ਦਾ ਮਾਨ ਸਤਿਕਾਰ ਕਰ ਕੇ, ਆਈਆਂ ਔਕੜਾਂ ਕਰੋ ਨੀਰ ਪਾਰ ਸਿਖੋ।



www.AKJ.Org

# ਭਲੋ ਭਲੋ ਰੇ ਕੀਰਤਨੀਆ

**ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ਰਹਾਉ॥ (੮੮੫)**

ਗੁਰਬਾਣੀ ਦਾ ਫੁਰਮਾਨ ਹੈ "ਕੀਰਤਨੁ ਨਿਰਮੋਲਕ ਹੀਰਾ" (੮੯੩)। ਮਨ-ਹੀਰਾ ਕੀਰਤਨ-ਹੀਰੇ ਨਾਲ ਵਿਝ ਕੇ ਨਾਮ ਹੀਰੇ ਨਾਲ ਪਰੁੱਚ ਜਾਂਦਾ ਹੈ। ਤਾਹੀਓਂ "ਕਲਿਜੁਗ ਮਹਿ ਕੀਰਤਨੁ ਪਰਧਾਨਾ" (੧੦੭੫) ਕਿਹਾ ਗਿਆ ਹੈ। ਪਰ ਨਾਲ ਹੀ "ਗੁਰਮੁਖਿ ਜਪੀਐ ਲਾਇ ਧਿਆਨਾ" (੧੦੭੬) ਸੁਮੱਤਿ ਮਤਿ ਦ੍ਰਿੜ੍ਹਾਈ ਗਈ ਹੈ।

ਗੁਰੂ ਬਾਬਾ ਜੀ ਨੇ ਪਾਰਬ੍ਰਹਮ ਪਰਮੇਸ਼ਰ ਜੀ ਦੀ ਸੱਚੀ ਦਰਗਾਹ ਵਿਚ "ਭੋਜਨੁ ਭਾਉ ਕੀਰਤਨ ਆਧਾਰੁ ॥ ਨਿਹਚਲ ਆਸਨੁ ਬੇਸੁਮਾਰੁ" (੮੮੯) ਦਾ ਅਦਭੁਤ ਵਰਤਾਰਾ ਪ੍ਰਤੱਖ ਦੇਖਿਆ; ਜਿਸਦੇ ਫਲ-ਸਰੂਪ ਕੀਰਤਨ ਆਪ ਜੀ ਦਾ ਜੀਵਨ-ਅਧਾਰ ਬਣ ਗਿਆ। ਇਸ ਪ੍ਰਧਾਨ ਰਬੀ ਗੁਣ ਨੂੰ ਆਪ ਜੀ ਨੇ ਜਗਤ-ਨਿਸਤਾਰੇ ਦਾ ਸਾਧਨ ਬਣਾਇਆ। ਆਪ ਜਿਥੇ ਵੀ ਗਏ, ਆਪਣੀ ਜਾਣਕਾਰੀ "ਰੱਬ ਦਾ ਢਾਢੀ" ਕਰਕੇ ਕਰਾਈ।

ਪੰਜਵੇਂ ਜਾਮੇ ਵਿਚ ਬਾਣੀ ਦੇ ਬੋਹਿਥਾ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਖ ਸੰਗਤਾਂ ਲਈ ਰਬਾਬੀਆਂ ਦੀ ਮੁਥਾਜੀ ਖ਼ਤਮ ਕਰ ਕੇ ਕੀਰਤਨ ਦੀ ਦਾਤਿ ਆਪਣੇ ਗੁਰਸਿਖ-ਪੁਤਰਾਂ ਦੀ ਝੋਲੀ ਪਾਈ।

ਗੁਰਬਾਣੀ ਦਾ ਫ਼ੁਰਮਾਨ ਹੈ—

ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ ॥
ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ ॥੪॥੬॥ (੧੩੨੬)

ਗੁਰੂ-ਬਚਨਾਂ ਦੇ ਪ੍ਰੀਤਵਾਨ, ਕੀਰਤਨ ਦੇ ਰਸੀਏ, ਖਾਲਸਾ ਰਹਿਤ ਬਹਿਤ ਦੇ ਆਸ਼ਕ, ਉਚ-ਦਮਾਲੜੀਏ, ਗੁਸਾਈਂ ਦੇ ਸਚਿਆਰ ਸਿਖ ਭਾ: ਸਾ: ਭਾ: ਰਣਧੀਰ ਸਿੰਘ ਜੀ ਨੂੰ ਕੀਰਤਨ ਦੀ ਦਾਤਿ ਗੁਰੂ-ਚਰਨਾਂ ਵਿਚੋਂ ਪ੍ਰਾਪਤ ਹੋਈ। ਆਪ ਜੀ ਨੇ ਜੀਵਨ ਪ੍ਰਯੰਤ ਆਤਮ-ਕੈ-ਚਾਇ ਅਖੰਡ ਕੀਰਤਨ ਦੇ ਰਜਵੇਂ ਲਾਹੇ ਲਏ। ਕੀਰਤਨ-ਲਾਟ ਉਤੇ ਗੁਰਸਿਖ-ਪ੍ਰਵਾਨੇ ਇਕੱਠੇ ਹੁੰਦੇ ਗਏ ਤੇ ਇੰਜ ਕੀਰਤਨ-ਰਸੀਆਂ ਦੇ ਮੇਲ ਸੁਮੇਲ ਸਦਕਾ 'ਅਖੰਡ ਕੀਰਤਨੀ ਜਥਾ' ਬਣ ਗਿਆ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਗੁਰ-ਪੁਰ ਪਿਆਨੇ ਪਿਛੋਂ ਉਹਨਾਂ ਦੇ ਸਹਿਯੋਗੀ ਗੁਰਸਿਖਾਂ ਨੇ ਨਿਸ਼ਕਾਮ ਅਖੰਡ ਕੀਰਤਨ ਦੀ ਪ੍ਰਥਾ ਅਤੇ ਤਤ-ਗੁਰਮਤਿ ਅਸੂਲਾਂ ਦੀ ਧਾਰਨਾ ਨੂੰ ਜੀਵਨ ਦਾ ਪ੍ਰਮੁਖ ਨਿਸ਼ਾਨਾ ਬਣਾਇਆ ਹੋਇਆ ਹੈ। ਕੀਰਤਨ ਇਹਨਾਂ ਦੀ ਕਮਾਈ ਦਾ ਸਾਧਨ ਨਹੀਂ, ਸਗੋਂ ਦੂਰ ਨੇੜੇ ਕੀਰਤਨ-ਸਮਾਗਮਾਂ ਤੇ ਆਪਣੇ ਪਲਿਓਂ ਕਰਾਇਆ ਖ਼ਰਚ ਕੇ ਆਪਣੀ ਨੇਕ ਕਮਾਈ ਨੂੰ ਸਫਲ ਕਰਦੇ ਹਨ।

ਕੀਰਤਨ-ਰੰਗ ਵਿਚ ਲੀਨਤਾ ਅਤੇ ਖਾਲਸਾ ਰਹਿਤ ਬਹਿਤ ਦੀ ਮਨ, ਬਚਨ, ਕਰਮ, ਕਰਕੇ ਧਾਰਨਾ ਹੀ ਇਸ ਜਥੇ ਦਾ ਜੀਵਨ-ਨਿਸ਼ਾਨਾ ਹੈ। ਇਹ ਜਥਾ ਸਮੂਹ ਗੁਰਸਿਖ ਭਾਈਚਾਰੇ ਦਾ ਅਥਾਹ ਸਤਿਕਾਰ ਕਰਦਾ ਹੈ, ਪਰ ਵਿਅਕਤੀਗਤ ਪ੍ਰਤਿਸ਼ਠਾ ਜਾਂ ਡੇਰੇਦਾਰੀ ਦਾ ਕਟੜ ਵਿਰੋਧੀ ਹੈ।

ਕੁਝ ਚਿਰ ਤੋਂ ਇਹ ਸੋਆਂ ਸੁਣਨ ਵਿਚ ਆ ਰਹੀਆਂ ਹਨ ਕਿ ਅਖੰਡ ਕੀਰਤਨੀ ਜਥੇ ਦੇ ਕੁਝ ਵੀਰ/ਭੈਣਾਂ ਨੇ ਕੁਝ ਅਜਿਹੇ ਡੇਰੇਦਾਰਾਂ ਨਾਲ ਸਾਂਝ ਪਾ ਰਖੀ ਹੈ, ਜੋ ਖਾਲਸਾ ਰਹਿਤ ਬਹਿਤ ਤੋਂ ਵੰਚਿਤ ਹਨ। ਨਿਰਸੰਦੇਹ, ਕੀਰਤਨ ਸਾਡਾ ਪਰਮ ਧਰਮ ਹੈ ਅਤੇ ਕੀਰਤਨ ਦੀ ਸਾਂਝ ਸਾਡੀ ਸਮੂਹ ਸਿਖ ਸੰਗਤ ਨਾਲ ਹੈ, ਪਰ ਖਾਲਸਾ ਰਹਿਤ ਤੋਂ ਘੁਥੇ ਡੇਰੇਦਾਰਾਂ ਨਾਲ ਸਾਡਾ ਦੂਰ ਦਾ ਵੀ ਵਾਸਤਾ ਨਹੀਂ। ਅਜਿਹੇ ਡੇਰੇਦਾਰ, ਸਿਖ ਪੰਥ ਨੂੰ ਘੁਣ ਵਾਂਗੂ ਖਾਈ ਜਾ ਰਹੇ ਹਨ। ਸੋ ਇਹਨਾਂ ਆਪੇ ਬਣੇ ਸੰਤਾਂ ਮਹੰਤਾਂ ਦੇ ਜਾਲ ਵਿਚ ਫਸਣ ਤੋਂ ਸਾਨੂੰ ਨਿਜੀ ਤੌਰ ਤੇ ਵੀ ਖ਼ਬਰਦਾਰ ਰਹਿਣਾ ਚਾਹੀਦਾ ਹੈ ਅਤੇ ਹੋਰ ਸਿਖ ਸੰਗਤਾਂ ਨੂੰ ਵੀ ਸੁਚੇਤ ਕਰਨਾ ਚਾਹੀਦਾ ਹੈ।

ਖਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ (ਜਥੇਦਾਰ ਅਖੰਡ ਕੀਰਤਨੀ ਜਥਾ)



www.AKJ.Org

# ਨਾਮ ਸਿਮਰਨ—ਬਿਧੀ ਤੇ ਧਿਆਨ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਆਤਮਾਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥
ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥
ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥
ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥
ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥੩॥੧੨॥ (ਪੰਨਾ ੮੭)

**ਵਿਆਖਿਆ**—ਸਰਬ ਸ਼ਕਤੀਸਰ, ਪ੍ਰਕਾਸ਼ ਰੂਪ, ਪੂਜਯ ਪੁਰਖ ਪਰਮਾਤਮਾ ਨੂੰ ਗੁਰਮਤਿ ਦੀ ਸਹਜ ਪੂਜਾ ਬਿਧੀ ਦੁਆਰਾ ਹੀ, ਪੂਜਾ ਪਦ ਦੇ ਸੱਚੇ ਅਰਥਾਂ ਵਿਚ ਪੂਜਿਆ ਜਾਂਦਾ ਹੈ। ਆਨ ਦੇਵ ਸੇਵ ਦੇਵ ਵਾਲੀ ਪੂਜਾ ਫ਼ਰਜ਼ੀ ਤੇ ਹੱਠ-ਧਰਮੀ ਹੈ। ਸੱਚੇ ਪਰਮਾਤਮ ਰੂਪ ਸੱਚੇ ਪੁਰਖ ਅਕਾਲ ਦੀ ਪੂਜਾ, ਗੁਰਮਤਿ ਦਰਸਾਈ ਪੂਜਾ ਇਕ ਨਿਰੰਜਨੀ ਪੂਜਾ ਹੈ। ਅਤੇ ਬੜੀ ਹੀ ਬਿਚੱਖਣ ਪੂਜਾ ਹੈ। ਆਨਮਤਾਂ ਨਾਲੋਂ ਵਿਲੱਖਣ ਪੂਜਾ ਹੈ। ਕਾਲ ਰਹਿਤ ਮੂਰਤੀ ਵਾਲੇ ਅਕਾਲ ਮੂਰਤਿ ਅਮੂਰਤ ਦੇਵ ਨਿਰੰਜਨੀ ਪੁਰਖ ਨਿਰੰਕਾਰ ਦੀ ਪੂਜਾ ਕੇਵਲ ਨਿਰੰਕਾਰੀ ਨਾਮ ਨਿਰੰਜਨਾ ਦੁਆਰਾ ਹੀ ਹੋਣੀ ਸੰਭਵ ਹੈ। ਨਿਰੰਕਾਰ ਦੇ ਨਿਰੰਜਨੀ ਨਾਮ ਦੁਆਰਾ ਹੀ ਹੋ ਸਕਦੀ ਹੈ। ਨਿਰੰਕਾਰੀ ਜੁਗਤੀ ਬਿਧੀ ਨਾਲ ਹੀ ਨਿਰੰਕਾਰ ਪਰਮਾਤਮ ਦੇਵ ਦੀ ਪੂਜਾ ਕੀਤੀ ਜਾ ਸਕਦੀ ਹੈ। ਇਹ ਨਿਰੰਕਾਰੀ ਜੁਗਤਿ ਬਿਧੀ ਨਿਰੰਕਾਰੀ ਨਾਮ ਵਿਚ ਹੀ ਅਸਥਿਰ ਹੈ, ਜੋ ਨਿਰੰਕਾਰੀ ਗੁਰੂ ਸਤਿਗੁਰੂ ਨਾਨਕ ਦੇਵ ਨੇ ਨਿਰੰਕਾਰ ਦੀ ਧੁਰ ਦਰਗਾਹੋਂ ਨਿਰੰਕਾਰੀ ਹੁਕਮ ਨਾਲ ਹੀ ਲਿਆਂਦਾ ਹੈ। ਏਸ ਧੁਰੋਂ ਆਏ ਨਿਰੰਕਾਰੀ ਨਾਮ ਦੀ ਬਿਧੀ, ਨਿਰੰਕਾਰੀ ਗੁਰੂ ਸਾਹਿਬਾਨ ਦੁਆਰਾ ਧੁਰੋਂ ਆਈ ਬਾਣੀ, ਨਿਰੰਕਾਰੀ ਬਾਣੀ, ਗੁਰਬਾਣੀ ਅੰਦਰ ਹੀ ਵਿਦਮਾਨ ਹੈ। ਜਾਂ ਨਿਰੰਕਾਰ-ਜੋਤੀਸ਼-ਗੁਰਮੁਖ ਸੀਨਿਆਂ ਵਿਚ ਹੀ ਜੁਗਤਿ ਧੁਰੰਦਰੀ ਹੋਈ ਚਲੀ ਆਉਂਦੀ ਹੈ। ਅਕਾਲ ਮੂਰਤਿ ਪਰਮਾਤਮ ਦੇਵ ਦੀ ਨਿਰੰਕਾਰੀ ਨਿਰੰਜਨ-ਜੁਗਤਾਰੀ ਪੂਜਾ ਦੇ ਉਦਾਹਰਨੀ ਨਮੂਨੇ ਨਿਰੰਕਾਰੀ ਬਾਣੀ ਗੁਰਬਾਣੀ ਅੰਦਰ ਅਨੇਕਾਂ ਗੁਰ-ਵਾਕਾਂ ਦੁਆਰਾ ਵਿਦਤਾਏ ਗਏ ਹਨ। ਵੰਨਗੀ ਮਾਤਰ ਇਹ ਗੁਰ ਪ੍ਰਮਾਣ ਹੈ, ਜਿਸ ਦੀਆਂ ਅਰੰਭਕ ਤੁਕਾਂ ਹਨ—

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥
ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ਰਹਾਉ॥ (ਪੰਨਾ ੯੧੦)

ਜਿਸ ਦਾ ਤੱਤ ਭਾਵ ਇਹ ਹੈ ਕਿ ਨਿਰੰਕਾਰ ਦੀ ਪੂਜਾ ਨਿਰੰਕਾਰੀ ਨਾਮ ਦੁਆਰਾ ਹੀ ਹੁੰਦੀ ਹੈ ਅਤੇ ਗੁਰੂ-ਵਰੋਸਾਇਆ ਕੋਈ ਪੂਰਾ ਗੁਰਮੁਖ ਜਨ ਹੀ ਨਿਰੰਕਾਰੀ ਨਾਮ ਗੁਰਮਤਿ ਨਾਮ ਨੂੰ ਪਾਉਂਦਾ ਹੈ। ਅਤੇ ਗੁਰਮਤਿ ਤੱਤ, ਅਸਲ ਅਰਥਾਂ ਵਾਲੀ ਪੂਜਾ ਦਾ ਜੁਗਤਿ-ਭੇਦ ਭੀ ਉਹੀ ਗੁਰਮੁਖ ਜਨ ਪਾਉਂਦਾ ਹੈ, ਜਿਸ ਨੂੰ ਗੁਰਮਤਿ ਨਾਮ ਦੀ ਪ੍ਰਾਪਤੀ ਹੋ ਚੁਕੀ ਹੁੰਦੀ ਹੈ।

ਨਿਰੰਕਾਰ ਦੀ ਸਰਗੁਣ ਮੂਰਤੀ ਕੋਈ ਨਹੀਂ। ਮੂਰਤੀ ਹੈ, ਪਰ ਕਾਲ ਰਹਿਤ, ਤ੍ਰੈਗੁਣਾਂ ਅਬਾਧ ਨਿਰਗੁਣ ਮੂਰਤੀ ਹੈ। ਅ-ਕਾਲ ਮੂਰਤੀ ਵਾਲਾ ਅਕਾਲ ਪੁਰਖ ਹੈ। ਇਸ ਮੂਰਤਿ ਪਦ ਦਾ ਭਾਵ ਹੈ, ਵਜੂਦ, ਹਸਤੀ, ਹੋਂਦ। ਅਕਾਲ ਪੁਰਖ ਤਤਵਤਾ-ਮਈ ਹੋਂਦ 'ਅਕਾਲ ਮੂਰਤਿ' ਦੁਪੰਗਤੀ ਜੁੜਤ ਪਦ ਅੰਦਰ ਵਿਦਮਾਨ ਹੈ। ਅਕਾਲ ਪੁਰਖ ਦੀ ਹੋਂਦ-ਹਸਤੀ ਦੇ ਮੰਨਣ ਵਿਚ ਗੁਰਮਤਿ ਆਸਤਕਤਾ ਪੂਰਤਿ ਹੈ (ਪੂਰ ਰਹੀ ਹੈ)। ਇਸ ਭਾਵ ਸ਼ਰਧਾ ਬਿਹੂਣੇ ਹੋਣ ਕਰਿ ਹੀ ਆਮ ਵਿਸ਼ਵ ਸੰਸਾਰ ਅੰਦਰ ਨਾਸਤਕਤਾ ਛਾ ਰਹੀ ਹੈ। ਗੁਰਮਤਿ ਅੰਦਰ ਬੁਤ-ਪੂਜਾ ਮੂਰਤੀ-ਪੂਜਾ ਅਤਿ ਨਿਖੇਧਤ ਕਰਮ ਗਰਦਾਨਿਆ ਗਿਆ ਹੈ।



www.AKJ.Org

ਨਿਰੰਜਨਾ ਨਾਮ ਦੀ ਪੂਜਾ ਦਾ ਹੀ ਗੁਰਮਤਿ ਅੰਦਰ ਵਿਧਾਨ ਹੈ। ਨਾਮ ਦੀ ਪੂਜਾ ਹੀ ਨਾਮੀ (ਵਾਹਿਗੁਰੂ) ਨਿਰੰਕਾਰ ਦੀ ਪੂਜਾ ਹੈ। ਪੂਜਾ ਸਮੇਂ ਨਾ ਹੀ ਨਾਮ ਨੂੰ ਅਤੇ ਨਾ ਹੀ ਨਾਮੀ ਪੁਰਖ ਨਿਰੰਕਾਰ ਨੂੰ ਮੂਰਤੀ ਵਜੋਂ ਸਨਮੁਖ ਰਖਿਆ ਜਾਂਦਾ ਹੈ। ਨਿਰੰਕਾਰ ਕੀ ਤੇ ਮੂਰਤੀ ਕੀ ? ਨਿਰੰਕਾਰ ਦੀ ਮੂਰਤੀ ਹੋ ਕੋਈ ਨਹੀਂ ਹੋ ਸਕਦੀ। ਤਾਂ ਤੇ ਕੋਈ ਫ਼ਰਜ਼ੀ ਮੂਰਤੀ ਥਾਪ ਕੇ ਨਿਰੰਕਾਰ ਦੀ ਜਾਂ ਨਿਰੰਕਾਰੀ ਨਾਮ ਦੀ ਪੂਜਾ ਕਰਨੀ ਨਿਰੀ ਨਾਦਾਨੀ ਅਤੇ ਮੂਰਖਤਾ ਹੈ। ਸੱਚ ਪੁਛੋ ਤਾਂ ਨਿਰੀ ਮਨ ਦੀ ਮਤ ਹੈ। ਗੁਰਮਤਿ ਦਾ ਐਸੀ ਮੂਰਤ-ਮੁਖੀ ਪੂਜਾ ਨਾਲ ਕੋਈ ਵਾਸਤਾ ਹੀ ਨਹੀਂ। ਸੱਚੇ ਸਾਹਿਬਾਨ, ਨਿਰੰਕਾਰੀ ਗੁਰੂ ਪਾਤਸ਼ਾਹ ਸਾਹਿਬਾਨ ਨੇ ਗੁਰਸਿਖਾਂ ਪ੍ਰਤੀ ਨਾਮ ਅਭਿਆਸ ਦੀ ਨਿਰੰਕਾਰੀ ਜੁਗਤਿ ਦ੍ਰਿੜ੍ਹਾਈ, ਜਿਸ ਨਿਰੰਕਾਰੀ ਜੁਗਤਿ ਦੁਆਰਾ ਸਹਿਜ ਪੂਜਾ ਨਿਰੰਕਾਰ ਦੀ ਸੁਤੇ ਸੁਭਾਵ ਹੀ ਬਣਿ ਆਉਂਦੀ ਹੈ, ਜਿਸ ਵਿਚ ਮੂਰਤੀ ਪੂਜਾ ਵਾਲਾ ਰੰਚਕ ਮਾਤਰ ਭੀ ਲੇਸ ਨਹੀਂ। ਗੁਰਮਤਿ ਨਾਮ ਪੂਜਾ ਜੁਗਤੀਸਰ ਗੁਰਸਿਖਾਂ ਨੇ ਨਾ ਹੀ ਕਿਸੇ ਅਖਰੀ ਬਿਉਂਤ ਵਾਲੀ ਨੂੰ ਅੱਖਾਂ ਅਗੇ ਜਾਂ ਧਿਆਨ ਗੋਚਰਾ ਰਖਣਾ ਹੈ, ਨਾ ਹੀ ਨਾਮੀ ਪਰਮਾਤਮਾ ਦੀ ਸਰਗੁਣ ਦੇਵਤਾ-ਮਈ ਕਿਸੇ ਮੂਰਤੀ ਦਾ ਧਿਆਨ ਧਰਨਾ ਹੈ। ਇਉਂ ਕੀਤਿਆਂ ਤਾਂ ਅਕਾਲ ਪੁਰਖ ਦੀ ਅਕਾਲਤਾ ਨਹੀਂ ਰਹਿੰਦੀ, ਨਿਰੰਕਾਰ ਦੀ ਨਿਰੰਕਾਰਤਾ ਨਹੀਂ ਰਹਿੰਦੀ। ਨਿਰੰਜਨ ਪਰਮਾਤਮਾ ਦੀ ਨਿਰੰਜਨਤਾ ਜਾਂਦੀ ਹੈ। ਉਹੀ ਢਕਵੰਜ ਮੂਰਤੀ-ਪੂਜਾ-ਆਨਮਤੀਆਂ ਵਾਲਾ ਗੁਰੂ ਘਰ ਅਤੇ ਗੁਰੂ ਘਰ ਦੇ ਸਿੱਖਾਂ ਅੰਦਰ ਭੀ ਆ ਵੜਦਾ ਹੈ। ਫ਼ਰਜ਼ੀ ਮੂਰਤਿ ਫ਼ਰਜ਼ ਫ਼ਰਜ਼ਾ ਕੇ ਧਿਆਨ ਜਮਾਉਣਾ ਤੱਤ ਗੁਰਮਤਿ ਨਾਲ ਧ੍ਰੋਹ ਕਮਾਉਣਾ ਹੈ। ਗੁਰੂ ਸਾਹਿਬਾਨ ਦੀ ਚਲਾਈ ਗੁਰਮਤਿ ਨੂੰ ਹਾਸੋ-ਹੀਣਾ ਕਰਨਾ ਹੈ।

ਦਸੋਂ ਗੁਰੂ ਸਾਹਿਬਾਨ ਵਿਚੋਂ ਕਿਸੇ ਭੀ ਗੁਰੂ ਦੀ ਫ਼ਰਜ਼ੀ ਧੀਂਗੋ ਮਰਜ਼ੀ ਵਾਲੀ ਮੂਰਤੀ ਦਾ ਧਿਆਨ ਧਰਨਾ ਓਦੋਂ ਭੀ ਪਰਲੇ ਦਰਜੇ ਦੀ ਮਨਮਤਿ ਹੈ। ਇਹ ਜੋ ਪ੍ਰਚਲਤ ਫ਼ੋਟੋ ਵਾਲੀਆਂ ਜਾਂ ਹੱਥੀਂ ਖਿਚੀਆਂ ਤਸਵੀਰਾਂ ਹਨ ਗੁਰੂ ਸਾਹਿਬਾਨ ਦੀਆਂ, ਸਭ ਫ਼ਰਜ਼ੀ ਮਨੋ-ਮਰਜ਼ੀ ਤਸਵੀਰਾਂ ਫ਼ੋਟੂਆਂ ਹਨ। ਇਹੀ ਕਾਰਨ ਹੈ ਕਿ ਜੋ ਦ੍ਰਿਸ਼ਟੀ ਜੀਉ-ਮਰਜ਼ੀ ਵਿਚ ਆਈ, ਸੋਈ ਫ਼ਰਜ਼ੀ ਤਸਵੀਰ ਫ਼ੋਟੋ ਖਿਚ ਮਾਰੀ। ਇਸ 'ਤਸਵੀਰ-ਬਾਜ਼ੀ ਅਤੇ ਫ਼ੋਟੋ-ਬਾਜ਼ੀ ਦੁਆਰਾ ਗੁਰੂ ਪੰਥ ਅੰਦਰ ਮਹਾਂ ਮਨਮਤਿ ਫੈਲ ਰਹੀ ਹੈ। ਜਿਸ ਦਾ ਸਿੱਟਾ ਇਹ ਹੈ ਕਿ ਗੁਰਮਤਿ ਪਰਮਾਰਥ ਦੇ ਪਾਂਧੀ ਜਨ ਸੱਚੀ ਸੁਚੀ ਅਕਾਲ-ਪ੍ਰਸਤੀ ਆਤਮ-ਪੂਜਾ ਤੋਂ, ਤੱਤ ਪਰਮਾਤਮ ਪੂਜਾ ਤੋਂ ਵਾਂਜੇ ਜਾ ਰਹੇ ਹਨ। ਗੁਰੂ ਸਾਹਿਬਾਨ ਦੀ ਦ੍ਰਿੜ੍ਹਾਈ ਨਿਰੰਕਾਰੀ ਗੁਰਬਾਣੀ ਦੁਆਰਾ ਆਈ ਖ਼ੁਦ ਨਿਰੰਕਾਰ ਵਿਦਤਾਈ ਪੂਜਾ ਇਕਲਵਾਂਝ ਹੀ, ਕਿਨਾਰੇ ਹੀ ਰਹਿ ਜਾਂਦੀ ਹੈ।

## ਨਾਮ ਜਪਣ ਦੀ ਜੁਗਤੀ

ਸਾਨੂੰ ਗੁਰਸਿਖਾਂ ਨੂੰ ਗੁਰੂ ਸਚੇ ਪਾਤਸ਼ਾਹ ਨੇ ਨਾਮ ਦ੍ਰਿੜ੍ਹਾਇਆ, ਨਾਮ ਦੀ ਪੂਜਾ ਸਿਖਾਈ, ਗੁਰਦੀਖਿਆ ਦੀ ਗੁੜ੍ਹਤੀ ਦਿਤੀ। ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਸਰੂਪ ਵਿਚਿ ਦਿਤੀ। ਜਿਨ੍ਹਾਂ ਨੇ ਖ਼ੁਦ ਨਾਮ ਅਭਿਆਸ ਰੂਪੀ ਸਚੜੀ ਪੂਜਾ ਨੂੰ ਜਗਿਆਸੂ ਜਨਾਂ ਪ੍ਰਤੀ ਕਰ ਕੇ ਪਰਤੱਖ ਦਿਖਾਇਆ। ਗੁਰਦੀਖਿਆ ਮਈ ਗੁਰਮੰਤਰ ਗੁਰਮਤਿ ਨਾਮ ਦਾ ਅਭਿਆਸ ਕਰਨਾ ਸਿਖਾਇਆ, ਜਿਸ ਵਿਚਿ ਕੋਈ ਫ਼ਰਜ਼ੀ ਧਿਆਨ ਕਿਸੇ ਫ਼ਰਜ਼ੀ ਮੂਰਤੀ ਦਾ ਨਹੀਂ ਧਰਨਾ ਪੈਂਦਾ। ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ ਜਾਪ ਦੇ ਆਰੰਭ ਵਿਚ ਸ਼ਬਦ ਨਾਲ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ ਜਾਪ ਕਰਦਿਆਂ ਆਵੇ (ਨਿਕਲੇ), ਉਸ ਧੁਨਿ ਨਾਲ ਸੁਰਤੀ ਨੂੰ ਜੋੜਨਾ, ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਚੁਅਖਰੇ ਦਾ ਪਹਿਲਾ ਦੁਅਖਰਾ, ਸਹਿਤ ਸੁਆਸ ਦੇ, ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰਿ ਲੈ ਜਾਵੇ, ਸਹਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਸ਼ਬਦ ਦੇ ਹਿੱਸੇ ਨੂੰ ਰਸਨਾ ਨਾਲ ਸਪਰਸ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ। ਉਪਰ ਨੂੰ,



www.AKJ.Org

ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪਰਸ਼ ਹਲਕ ਤਾਲੂ ਸਹਿਤ ਹੋਵੇਗਾ। ਅਤੇ ਹੇਠਾਂ ਬਾਹਰ-ਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸੁਪਰਸੇਗਾ। ਇਸ ਸੁਪਰਸ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮਾ, ਪਰਾ ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ। "ਸਬਦੁ ਗੁਰੂ ਸੁਰਤਿ ਧੁਨਿ ਚੇਲਾ"॥੪੪॥(੯੪੩) ਦੇ ਗੁਰਵਾਕ ਅਨੁਸਾਰੀ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ। ਸ਼ਬਦ 'ਗੁਰੂ' ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ ਪਾਰਸ ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲ ਸੁਰਤੀ ਸਹਿਤ ਸਪਰਸਿਆਂ ਕਾਟ ਕਰ ਕੇ ਸਨੇ ਸਨੇ ਬਿਸਮਾਦ ਰੂਪ ਵਿਚ ਲੀਨਤਾ ਦਾ ਅਨੰਦ, ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਰਸਨਾ ਨਾਲਿ ਸਪਰਸ ਹੋਣ ਕਰਕੇ ਅੰਤਰਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲਗ ਪੈਂਦਾ ਹੈ। ਜਦੋਂ ਰਸ-ਬਿਸਮਤਾ ਦੀ ਨੌਬਤ ਆਣ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ-ਬਿਸਮਾਦ-ਕਲਾ ਵਿਚਿ ਲੀਨ ਹੋ ਕੇ ਸਹਿਜ-ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਕੋਈ ਖ਼ਾਸ ਯਤਨ ਨਹੀਂ ਕਰਨਾ ਪੈਂਦਾ। ਰਸ-ਜੋਤਿ-ਪ੍ਰਕਾਸ਼ ਦੀ ਕਿਰਣ-ਕਣੀ ਹੀ ਸੁਰਤਿ ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ। ਸ਼ਬਦ ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦਿੰਦੀ। ਗੁਰਪ੍ਰਸਾਦਿ ਕਰਿ ਹੀ ਇਹ ਬਿਧਿ ਬਣਿ ਆਉਂਦੀ ਹੈ ਅਤੇ ਜਿਉਂ ਜਿਉਂ ਬਿਧਿ ਬਣਦੀ ਹੈ ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚਿ ਨਿਮਰੀਭੂਤ ਹੋ ਕੇ ਅਭਿਆਸ ਆਨੰਦਨੀ ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ ਕਰਤਾਰ ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ। ਚੇਤੇ ਰਹੇ ਕਿ ਇਸ ਅਭਿਆਸ ਰਸ-ਆਨੰਦਨੀ-ਖੇਡ ਵਿਚ ਰਸ ਪ੍ਰਾਇਣ ਹੋ ਕੇ, ਰਸ ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉਠਦਾ ਹੈ, ਅੰਗੁ ਅੰਗੁ ਫੁਰਕਣ ਲਗ ਪੈਂਦਾ ਹੈ। ਹੋਂਠ ਭੀ ਆ-ਮੁਹਾਰੇ ਫ਼ੁਰਕਣ ਲਗ ਪੈਂਦੇ ਹਨ।ਇਹ ਅਮਿਓ ਰਸਾਇਣੀ ਰਸ ਅਤੀਅੰਤ ਹੀ ਅਜਰ ਵਸ਼ਤੂ ਹੈ। ਗੁਰ ਪ੍ਰਸਾਦਿ ਕਰਿ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ (ਜੈਸਾ ਉਪਰ ਵਰਨਣ ਹੋਇਆ ਹੈ) ਇਸ ਅਜਰ ਪਦ ਨੂੰ ਜਰਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ ਉਹ ਭੁੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ-ਝਰਨ-ਬਿਰਤੀ ਇਕ ਬਿਸਮ-ਆਨੰਦੀ-ਹੁਲਾਰੇ ਦੀ ਅਕਥਨੀਯ ਮੌਜ ਵਿਚ ਹਾਲ ਖੇਡਣ ਲਗ ਪੈਂਦੀ ਹੈ। ਸਰੀਰ ਭੀ ਵਜਦ ਵਿਚ ਆ ਕੇ ਝੂਲਣ ਮੇਹਲਣ ਲਗ ਪੈਂਦਾ ਹੈ, ਪਰ ਸਹਜ ਕਲਾ ਵਿਚ। ਇਸ ਵਜਦ-ਹੁਲਾ-ਰੜੀ-ਖੇਡ ਵਿਚ ਅੰਤ੍ਰੀਵੀ ਅਮਿਓ ਰਸ ਰਸਾਇਣ ਸੇਤੀ ਸਰਸ਼ਾਰ ਹੋ ਕੇ ਅਤੇ ਬਿਹਬਲ ਹੋ ਕੇ ਅਭਿਆਸੀ ਜਨ ਸ਼ਬਦ-ਅਭਿਆਸ-ਤਰੰਗੀ-ਫੁਰਾਟੇ ਵੀ ਮਾਰਨ ਲਗ ਪੈਂਦਾ ਹੈ। ਇਹਨਾਂ ਫੁਰਾਟਿਆਂ ਸੁਰਾਟਿਆਂ ਗੁਰਾਟਿਆਂ ਦੇ ਗਰਜਾਉਣ ਵਿਚ ਹੋਰ ਭੀ ਅਦਿਭੁਤ ਅਨੰਦ ਆਉਂਦਾ ਹੈ। ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਵੇ, ਸੋਈ ਜਾਣਨ ਇਸ ਰਸ-ਅਨੰਦੀ-ਖੇਡ ਨੂੰ, ਨਹੀਂ ਤਾਂ ਆਮ ਲੋਕੀ ਆਪੋ ਆਪਣੀ ਮਤਿ ਕੁਮਤਿ ਅਨੁਸਾਰ ਰਸ-ਫੁਰਾਟਿਆਂ, ਰਸ-ਰਸਾਟੀਆਂ, ਰਸ ਝਰਨਾਟੀਆਂ, ਰਸ-ਸੁਰਤਾਟੀਆਂ, ਰਸ-ਗੁਰਾਟੀਆਂ, ਰਸ-ਗਜਰਾਟੀਆਂ ਦੀ ਇਸ ਅਨੂਪਮ ਅਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖ਼ੌਲ ਉਡਾਉਣ ਲਗ ਪੈਂਦੇ ਹਨ। ਪਏ ਉੜਾਉਣ !

ਹਰਿ ਕੇ ਲੋਗ ਰਾਮ ਜਨ ਨੀਕੇ ਭਾਗ ਹੀਣ ਨ ਸੁਖਾਇ॥
ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ॥ (ਪੰਨਾ ੮੮੧)

ਭਾਗਹੀਣਾਂ ਦੇ ਵਸਿ ਵੀ ਕੀ ਹੈ! ਉਹਨਾਂ ਨੂੰ ਇਸ ਅਧਿਆਤਮ ਖੇਡ ਦਾ ਪਤਾ ਹੀ ਨਹੀਂ। ਤਾਂ ਹੀ ਤਾਂ ਓਹਨਾਂ ਨੂੰ ਵਜਦ-ਅਨੰਦੀ ਕੇਲ ਕਰੇਂਦੇ ਹੰਸ ਜਨ ਭਾਉਂਦੇ ਨਹੀਂ। ਸਤਿਗੁਰੂ ਉਹਨਾਂ ਨੂੰ ਸੁਮਤਿ ਬਖ਼ਸ਼ੇ। ਸ਼ਬਦ-ਅਭਿਆਸੀਆਂ ਦੇ ਅਭਿਆਸ ਬਿਲੋਵਨੇ ਬਿਲੋਵਨ ਨੂੰ ਹੋਂਕਣੀਆਂ ਧੋਂਕਣੀਆਂ ਦਸਣ ਵਾਲੇ ਅਤੇ ਅਨਿਕ ਪ੍ਰਕਾਰ ਕਰਿ ਨਿੰਦਣ ਵਾਲੇ, ਕਦੇ ਵਕਤ ਆਵੇਗਾ, ਏਸੇ ਨੱਕੇ ਥਾਣੀ ਲੰਘਣਗੇ ਅਤੇ ਪਛੁਤਾਇ ਕੇ ਆਪਣੀਆਂ ਭੁਲਾਂ ਸਤਿਗੁਰੂ ਪਾਸੋਂ ਬਖਸ਼ਾਉਣਗੇ ਤੇ ਰਾਹਿ-ਰਾਸਤ ਪਰ ਆਉਣਗੇ ਅਤੇ ਪਰਮਾਤਮਾ ਦੀ ਉਪਰ ਦਸੀ ਅਧਿਆਤਮ ਪੂਜਾ ਦੇ ਮਾਰਗ ਤੇ ਚਲਣ ਵਾਲੇ ਬਣਨਗੇ।

["ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ" ਪੁਸਤਕ ਚੋਂ



www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਹੇਠ ਲਿਖੇ ਅਨੁਸਾਰ ਮਾਇਆ ਪੁਜੀ ਹੈ—

| | |
|---|---|
| ਸ: ਅਮਰ ਸਿੰਘ ਟੇਪਿੰਗ, ਪੀਰਾਕ, ਮਲੇਸ਼ੀਆ | ੨੪੪-੫੦ |
| ਸ: ਸੰਤੋਖ ਸਿੰਘ, ਔਨਟੇਰੀਓ, ਕੈਨੇਡਾ | ੧੯੮੫-੦੦ |
| ਸ: ਪ੍ਰਦੁਮਨ ਸਿੰਘ ਸ਼ਿਵ ਨਗਰ, ਜਲੰਧਰ | ੧੦੦-੦੦ |
| ਭਾਈ ਅਵਤਾਰ ਸਿੰਘ ਛੇਹਟਾ | ੧੦੦੦-੦੦ |
| ਸ: ਪ੍ਰਿਤਪਾਲ ਸਿੰਘ, ਖਾ: ਫ਼ੈਂਸੀ ਸਟੋਰ, ਆਦਮਪੁਰ | ੧੦੧-੦੦ |
| ਸ੍ਰੀ ਗੁਰੂ ਸਿੰਘ ਸਭਾ ਸਲੋਅ ਯੂ.ਕੇ. | ੩੦੨੪-੬੦ |
| ਬੀਬੀ ਸਵਰਨ ਕੌਰ, ਲੇਟਨ, ਲੰਡਨ ਯੂ ਕੇ. | ੨੧੩-੦੦ |
| ਸਵਰਗਵਾਸੀ ਸ:ਰਾਮਸਿੰਘ ਸਡਾਨਾ ਨਮਿਤ ਲੰਡਨ | ੧੫੯੭-੫੦ |
| ਸ੍ਰੀ ਗੁਰੂ ਸਿੰਘ ਸਭਾ ਸਲੋਅ ਯੂ.ਕੇ. | ੧੦੬੭੧-੩੦ |
| ਬੀਬੀ ਜਸਵੀਰ ਕੌਰ,ਭਾ:ਨਿਰਮਲ ਸਿੰਘ,ਗ੍ਰੇਵਜ਼ੈਂਡ | ੧੨੭੮-੦੦ |
| ਭਾ:ਨਿਰਮਲਸਿੰਘ ਤੇ ਪਰਵਾਰ (ਸਿਹਤ ਦੀ ਅਰਦਾਸ) | ੪੪੭-੩੦ |
| ਸ: ਗੁਰਚਰਨ ਸਿੰਘ, ਲੰਡਨ ਯੂ.ਕੇ. | ੧੭੦੪-੦੦ |
| ਗੁ: ਸ੍ਰੀ ਗੁਰੂ ਸਿੰਘ ਸਭਾ ਸਾਊਥਾਲ | ੫੧੧੨-੦੦ |
| ਸੰਗਤ ਮੋਹਾਲੀ | ੩੬੭-੦੦ |
| ਬੀ: ਰਣਬੀਰ ਕੌਰ ਬਾਲੀ, ਸ੍ਰੀਨਗਰ ਕਸ਼ਮੀਰ | ੫੮-੦੦ |
| ਬੀਬੀ ਕਮਲਜੀਤ ਕੌਰ, ਦਿਲੀ | ੧੫੦-੦੦ |
| ਸ: ਸਵਰਨ ਸਿੰਘ ਕਲਕਤਾ (ਬੱਚੀ ਦੇ ਅਨੰਦ ਸਮੇਂ) | ੫੦੦-੦੦ |
| ਸ:ਭੂਪਿੰਦਰਸਿੰਘ,ਧਨਬਾਦ (ਸਹਾਇਤਾ ਚੋਂ ਵਾਪਸੀ) | ੧੦੦-੦੦ |
| ਸ: ਹਰਬੰਸ ਸਿੰਘ, ਡਰਬੀ ਯੂ.ਕੇ. | ੨੮੪੪-੦੦ |
| ਸ: ਮਨਜੀਤ ਸਿੰਘ, ਬਰਮਿੰਘਮ ,, | ੨੩੪੮-੦੦ |
| ਸ: ਮਹਿੰਦਰ ਸਿੰਘ, ਨਿਰੰਜਨ ਕੌਰ ਆਰਲਿੰਗਟਨ ਅਮਰੀਕਾ | ੫੦੭੪-੦੦ |
| ਮਿਸਜ਼ ਪ੍ਰੀਤਮ ਕੌਰ, ਵੋਲਵਰਹੈਂਪਟਨ ਯੂ. ਕੇ. | ੧੧੩-੮੦ |
| ਸ: ਰਤਨ ਸਿੰਘ, ਸਾਊਥਾਲ ,, | ੨੦੧੦-੮੩ |
| ਸ: ਮੰਗਲ ਸਿੰਘ, ਸਾਊਥਾਲ ,, | ੯੭੨-੦੦ |
| ਸ: ਗੁਰਦੇਵ ਸਿੰਘ, ਲਿਸਟਰ ,, | ੫੦੬੨-੫੦ |
| ਗੁਰਦਵਾਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ | ੪੨੧੨-੦੦ |
| ਸ: ਪਰਵੀਨ ਸਿੰਘ, ਸਾਊਥਾਲ ਯੂ. ਕੇ. | ੮੧੦-੦੦ |
| ਭਾਈ ਕੁਲਵੰਤ ਸਿੰਘ, ਸਾਊਥਾਲ ,, | ੩੭੨-੧੯ |
| ਸ: ਦਲਜੀਤ ਸਿੰਘ ਬਰਾੜ, ਸਲੋਅ ,, | ੨੦੪੫-੨੫ |
| ਬੀਬੀ ਪੂਰਨ ਕੌਰ, ਔਕਲੈਂਡ, ਨਿਊਜ਼ੀਲੈਂਡ | ੭੫੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਸ਼ਹੀਦੀ ਅਸਥਾਨ (ਬੀ ਬਲਾਕ ਕੁਆਟਰਜ਼ ਨੇੜੇ) ਸ੍ਰੀ ਅੰਮ੍ਰਿਤਸਰ ਉਸਾਰੀ ਲਈ ਸਹਾਇਤਾ | ੨੦,੦੦੦-੦੦ |
| ਸਿਲਾਈ ਮਸ਼ੀਨਾਂ (੨) ਬੀਬੀ ਗੁਰਮੀਤ ਕੌਰ ਪੱਟੀ ਅਤੇ ਬੀਬੀ ਬਲਜੀਤ ਕੌਰ ਬਹਿਲੋਲਪੁਰ | ੮੬੧-੬੦ |
| ਬੀਬੀ ਸੁਰਿੰਦਰ ਕੌਰ ਸੁਪਤਨੀ ਸ: ਗਿਆਨ ਸਿੰਘ ਪੱਟੀ ਨੂੰ ਕੇਸ ਦੀ ਪੈਰਵੀ ਤੇ ਬਚਿਆਂ ਦੇ ਪਾਲਣ ਲਈ | ੮੦੦੦-੦੦ |
| ਮਾਸਕ ਸਹਾਇਤਾ ੪ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ | ੧੦੦੦-੦੦ |
| ਬੀਬੀ ਪਰਮਜੀਤਕੌਰ ਵਿਧਵਾ ਭਾ:ਕੁਲਦੀਪਸਿੰਘ ਕਾਨਪੁਰ ਤੋਂ (ਬਚਿਆਂ ਦੀ ਪੜ੍ਹਾਈ ਤੇ ਗੁਜ਼ਾਰੇ ਲਈ) ਮਾਸਕ ਸਹਾਇਤਾ | ੫੮੦-੦੦ |
| ਬੀਬੀ ਕਮਲਜੀਤ ਕੌਰ ਪੁਤਰੀ ਭਾ: ਸਤਿੰਦਰ ਸਿੰਘ, ਅੰਮ੍ਰਿਤਸਰ (ਪਤੀ ਦੇ ਕੇਸ ਦੀ ਪੈਰਵੀ ਤੇ ਬਚੇ ਪਾਲਣ ਲਈ) | ੫੦੦੦-੦੦ |
| ਭਾਈ ਮਨੋਹਰ ਸਿੰਘ, ਜੁਝਾਰ ਨਗਰ, ਪਟਿਆਲਾ (ਕੇਸ ਦੀ ਪੈਰਵੀ ਲਈ) | ੫੦੦੦-੦੦ |
| ਬੀਬੀ ਪ੍ਰੀਤਮ ਕੌਰ ਮਾਤਾ ਭਾ: ਨਰਿੰਦਰ ਸਿੰਘ, ਪਟਿਆਲਾ) ( ,, ) | ੫੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਅੰਮ੍ਰਿਤਸਰ

## ਭਾਈ ਸਾਹਿਬ ਜੀ ਦੀਆਂ ਪੁਸਤਕਾਂ ਤੇ ਟਰੈਕਟ ਇੰਗਲੈਂਡ ਵਿਚ

ਪਰਚਾਰ ਸੇਵਾ ਨੂੰ ਮੁਖ ਰਖ ਕੇ ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਅਤੇ ਟਰੈਕਟ ਅਣਡਿਠੀ ਦੁਨੀਆ, ਰੰਗਲੇ ਸਜਣ, ਗੁਰਮਤਿ ਬਿਬੇਕ ਗੁਰਮਤਿ ਨਾਮ ਅਭਿਆਸ ਕਮਾਈ ਆਦਿ ਹੇਠ ਲਿਖੇ ਪਤੇ ਤੋਂ ਵੇਰਵਾ ਮੰਗਵਾ ਕੇ ਕੇਵਲ ਡਾਕ ਖ਼ਰਚ ਭੇਜ ਕੇ ਮੰਗਵਾ ਸਕਦੇ ਹੋ—

ਸ: ਮਦਨ ਸਿੰਘ, 11-Apollo Way, Perry Bar, Birmingham—20, 3ND

## ਮੋਗਾ ਅਖੰਡ ਕੀਰਤਨੀ ਜਥਾ ਵਲੋਂ ਸਾਲਾਨਾ ਸਮਾਗਮ ਅਤੇ ਮਾਸਕ ਪ੍ਰੋਗਰਾਮ

(੧) ੨੨ ਮਈ ਸਵੇਰੇ ੬ ਤੋਂ ੧੦ ਕੀਰਤਨ ਭਾ:ਹਰਪਾਲ ਸਿੰਘ,ਮਕਾਨ ਨੰ:੨੧੬ ਗਲੀ ਨੰ:੯,ਨੇੜੇ ਸ਼ਿਵ ਡੇਅਰੀ ਨਾਨਕ ਨਗਰੀ

(੨) ਸਾਲਾਨਾ ਸਮਾਗਮ ੨੬ ਤੋਂ ੨੮ ਮਈ ਸ੍ਰੀ ਅਖੰਡਪਾਠ ਭਾਈ ਨਿਧਾਨ ਸਿੰਘ ਦੇ ਗ੍ਰਿਹਿ, ਦੁਪਹਿਰ ,ਤਕ ਕੀਰਤਨ ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ, ਸ਼ਾਮ ਨੂੰ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ, ੨੯ ਸਵੇਰੇ ਸਮਾਪਤੀ। ਪੁਛ ਗਿਛ ਮਾ: ਚੇਤ ਸਿੰਘ, ਪਰਮਿੰਦਰ ਸਿੰਘ, ਪੁਰਾਣਾ ਗੁਲਾਬੀ ਬਾਗ, ਮੋਗਾ

www.AKJ.Org

## ਹੁਸ਼ਿਆਰਪੁਰ ਸ਼ਹੀਦੀ ਪੁਰਬ ਕੇਂਦਰੀ ਸਮਾਗਮ ੧੬ ਤੋਂ ੧੯ ਜੂਨ ਸਵੇਰ ਤਕ–ਵੇਰਵਾ ਆਉਂਦੇ ਮਹੀਨੇ

## ਗੁ: ਤਪੋਬਨ ਕੁਮਾਰਹੱਟੀ (ਸੋਲਨ) ਦੀ ਨਵੀਂ ਇਮਾਰਤ ਵਿਚ ਪਹਿਲਾ ਪ੍ਰਕਾਸ਼ ਤੇ ਅਖੰਡਪਾਠ ਸਮਾਗਮ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਤਪ-ਅਸਥਾਨ ਗੁਰਦਵਾਰਾ ੮ ਜੁਲਾਈ ੮੭ ਨੂੰ ਜਲਾ ਦਿਤਾ ਗਿਆ ਸੀ। ਗੁਰਦਵਾਰਾ ਸਾਹਿਬ ਦੀ ਨਵੀਂ ਇਮਾਰਤ ਵਿਚ ਗੁਰੂ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰ ਕੇ ੩ ਤੋਂ ੫ ਜੂਨ ੮੮ ਸ੍ਰੀ ਅਖੰਡ-ਪਾਠ ਅਤੇ ਦੁਪਹਿਰ ਤਕ ਕੀਰਤਨ ਹੋਣਗੇ। ਲੰਗਰ ਅਤੇ ਰਿਹਾਇਸ਼ੀ ਕਮਰਿਆਂ ਦੀ ਉਸਾਰੀ ਹੋ ਰਹੀ ਹੈ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ। ਇਹ ਸਮਾਗਮ ਭਾ: ਸਾ: ਰਣਧੀਰ ਸਿੰਘ ਜੀ, ਬਾਊ ਮੱਲ ਸਿੰਘ ਜੀ ਅਤੇ ਭਾਈ ਬਾਵਾ ਸਿੰਘ ਜੀ ਦੀ ਯਾਦ ਵਿਚ ਹਰ ਸਾਲ ਕੀਤਾ ਜਾਂਦਾ ਹੈ। ਦਾਸਰਾ—ਆਤਮਾ ਸਿੰਘ ਅਕਾਲੀ, ਪੰਜੋਖਰਾ ਸਾਹਿਬ

## ਖੰਨਾ ਵਿਖੇ ਪਹਿਲਾ ਸਾਲਾਨਾ ਕੀਰਤਨ ਸਮਾਗਮ ੧੨ ਤੋਂ ੧੫ ਮਈ ਐਤਵਾਰ ਸਵੇਰ ਤਕ

ਅਖੰਡ ਕੀਰਤਨੀ ਜਥਿਆਂ ਵਲੋਂ ਖੰਨਾ ਵਿਖੇ ਹੋ ਰਹੇ ਕੀਰਤਨ ਸਮਾਗਮਾਂ ਵਿਚ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ—

੧੨ ਮਈ ਸਵੇਰੇ ੪ ਤੋਂ ੭ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਸ੍ਰੀ ਗੁਰੂ ਸਿੰਘ ਸਭਾ ਜੀ. ਟੀ. ਰੋਡ ਖੰਨਾ, ਸ਼ਾਮ ੭ ਤੋਂ ੯ ਗੁ: ਸ੍ਰੀ ਗੁਰੂ ਸਿੰਘ ਮਾਡਲ ਟਾਊਨ ਖੰਨਾ, ੧੩ ਮਈ ਸਵੇਰੇ ੭ ਤੋਂ ੧੨ ਗੁ: ਗੁਰੂ ਤੇਗ ਬਹਾਦਰ ਲਲਹੇੜੀ ਰੋਡ (ਨੰਦੀ ਕਾਲੋਨੀ), ਸ਼ਾਮ ੭ ਤੋਂ ੯ ਗੁਰਦਵਾਰਾ ਕਲਗੀਧਰ ਜੀ. ਟੀ. ਰੋਡ, ੧੪ ਮਈ ਸਵੇਰੇ ੭ ਤੋਂ ੧-੩੦ ਦੁਪਹਿਰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ, ਸ਼ਾਮ ਅੰਮ੍ਰਿਤ-ਸੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ, ੧੫ ਮਈ ਐਤਵਾਰ ਸਵੇਰੇ ੬ ਵਜੇ ਸਮਾਪਤੀ ਸ੍ਰੀ ਗੁਰੁਸਿੰਘਸਭਾ ਜੀ.ਟੀ.ਰੋਡ। ਪੁਛ ਗਿਛ—ਭਾ:ਰਾਜਿੰਦਰਸਿੰਘ ਸਾਬਣ ਵਾਲੇ ਨਵੀਂ ਅਬਾਦੀ ਖੰਨਾ

## ਖੁੱਡਾ (ਹੁਸ਼ਿਆਰਪੁਰ) ਵਿਚ ਅਖੰਡ ਕੀਰਤਨੀ ਜਥੇ ਵਲੋਂ ਕੀਰਤਨ ਰੈਣ ਸਬਾਈ ਸ਼ਨੀਵਾਰ ੨੮ ਮਈ ਨੂੰ

## ਭੁਚੋ ਮੰਡੀ (ਬਠਿੰਡਾ) ਸਟੇਸ਼ਨ ਬਸਤੀ ਵਿਖੇ ਸ਼ਨੀਵਾਰ ੨੧ ਮਈ ਨੂੰ ਸਮਾਗਮ

ਸ਼ਹੀਦ ਭਾ: ਗੁਰਪਾਲ ਸਿੰਘ ਦੀ ਯਾਦ ਵਿਚ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਭੱਕੂ ਮਾਜਰਾ ਸੂਬੇਦਾਰ ਪਿਆਰਾ ਸਿੰਘ ਦੇ ਗ੍ਰਹਿ ਵਿਖੇ ੨੧ ਮਈ ਸ਼ਨੀਵਾਰ ਨੂੰ ਸਮਾਗਮ

ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ।

## ੧੪੭੦/੪੩-ਬੀ, ਚੰਡੀਗੜ੍ਹ ਵਿਖੇ ਹਰ ਬੁਧਵਾਰ ਸ਼ਾਮ ੭ ਤੋਂ ੮ ਕੀਰਤਨ ਵਿਚ ਆਇ ਜੁੜੋ ਜੀ

## ਸ਼ਹੀਦਾਂ ਦੀ ਯਾਦ ਗੁ: ਟਾਹਲੀ ਸਾਹਿਬ (ਸੰਤੋਖਸਰ) ਅੰਮ੍ਰਿਤਸਰ ੨੧ ਮਈ ਰਾਤ ਰੈਣ ਸਬਾਈ

## ਅਖੰਡ ਕੀਰਤਨੀ ਜਥਾ ਯੂ.ਕੇ. ਦੇ ਸੇਵਾਦਾਰਾਂ ਦੀ ਚੋਣ ਤੇ ਰੈਣ ਸਬਾਈ ਪ੍ਰੋਗਰਾਮ

26-3-88 ਨੂੰ ਜਥੇ ਦੇ ਸੇਵਾਦਾਰਾਂ ਦੀ ਚੋਣ ਆਉਂਦੇ ਦੋ ਸਾਲ ਲਈ ਹੇਠ ਲਿਖੇ ਅਨੁਸਾਰ ਹੋਈ—

(1) ਭਾਈ ਦੀਦਾਰ ਸਿੰਘ ਹਡਰਸਫ਼ੀਲਡ ਵਾਲੇ ਜਥੇਦਾਰ (ਮੁਖੀ ਸੇਵਾਦਾਰ) ਦੁਬਾਰਾ ਚੁਣੇ ਗਏ ਹਨ।

(2) ਭਾਈ ਗਿਆਨ ਸਿੰਘ ਲੰਡਨ ਵਾਲੇ ਸਕੱਤਰ (ਇਹ ਵੀਰ ਜੀ ਦੁਬਾਰਾ ਸਹਾਇਕ ਚੁਣੇ ਗਏ ਹਨ)

(3) ਭਾਈ ਜਰਨੈਲ ਸਿੰਘ ਲਮਿੰਗਟਨ ਸਪਾ ਵਾਲੇ (ਸਹਾਇਕ)

(4) ਭਾਈ ਜੋਗਿੰਦਰ ਸਿੰਘ ਲੈਸਟਰ ਵਾਲੇ (ਦੁਬਾਰਾ ਸਹਾਇਕ ਚੁਣੇ ਗਏ) (5) ਭਾਈ ਰਘਬੀਰ ਸਿੰਘ ਜੀ ਡਰਬੀ ਵਾਲੇ।

ਨੋਟ :—ਜਥੇ ਦੇ ਲੋਕਲ ਪ੍ਰੋਗਰਾਮ, ਰੈਣ ਸਬਾਈ ਅਤੇ ਅਖੰਡਪਾਠ ਦੀ ਬੁਕਿੰਗ ਲਈ—

ਭਾਈ ਗਿਆਨ ਸਿੰਘ, 658, ਗ੍ਰੀਨ ਲੇਨ ਗਡ-ਮੇਜ਼, ESSEX-1G3-9RY (U K.)

**ਸ੍ਰੀ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ** ਸ਼ਹੀਦਾਂ ਦੀ ਯਾਦ ਵਿਚ 14 ਮਈ ਸ਼ਨੀਵਾਰ ਸ਼ਾਮ ਪਾਠ ਦੇ ਭੋਗ, ਉਪਰੰਤ ਰਾਤ ਰੈਣ ਸਬਾਈ ਕੀਰਤਨ ਗੁਰਦਵਾਰਾ ਗੁਰ ਗੋਬਿੰਦ ਸਿੰਘ ਜੀ, ਲੀਡਜ਼ ਰੋਡ, ਬਰੈਡਫੋਰਡ-3.

ਗੁਰਦਵਾਰਾ ਫ਼ੋਨ 0274-727928, ਭਾਈ ਗੁਰਨਾਮ ਸਿੰਘ ਫ਼ੋਨ 0274-491351

## ਯੂ. ਕੇ. ਦੇ ਲਾਈਫ਼ ਮੈਂਬਰਾਂ ਦੇ ਬਕਾਏ ਤੇ ਚੰਦੇ ਯੂ.ਕੇ. ਵਿਚ ਹੀ ਜਮ੍ਹਾ ਕਰਾਓ

S. Gurnam Singh, 10-Lambourne Gardens, Early, Reading, Berks. U.K.



www.AKJ.Org